ਅਤੇ ਚੀਨ ਦੀਆਂ ਫ਼ੌਜਾਂ ਵਿਚਾਲੇ ਝੜਪ ਹੋਈ ਸੀ। ਹਾਲਾਂਕਿ ਬਾਅਦ ਵਿੱਚ ਰੱਖਿਆ ਮੰਤਰਾਲੇ ਨੇ ਇਸ ਦਸਤਾਵੇਜ਼ ਨੂੰ ਆਪਣੀ ਵੈਬਸਾਇਟ ਤੋਂ ਹਟਾ ਲਿਆ। ਰੱਖਿਆ ਮੰਤਰਾਲੇ ਨੇ ਵੀਰਵਾਰ ਨੂੰ ਕਿਹਾ ਕਿ ਚੀਨ ਨਾਲ ਸਰਹੱਦੀ ਤਕਰਾਰ ਲੰਬੇ ਸਮੇਂ ਤੱਕ ਰਹਿਣ ਦੇ ਆਸਾਰ ਹਨ। ਰੱਖਿਆ ਮੰਤਰਾਲੇ ਨੇ ਪੂਰਬੀ ਲੱਦਾਖ਼ ਵਿੱਚ ਸਰਹੱਦ 'ਤੇ ਤਣਾਅ ਸਬੰਧੀ ਆਪਣੀ ਸਟੇਟਸ ਰਿਪੋਰਟ 'ਚ ਇਹ ਗੱਲ ਕਹੀ ਹੈ। ਮੰਤਰਾਲੇ ਨੇ ਆਪਣੀ ਵੈਬਸਾਇਟ 'ਤੇ ਐਲਏਸੀ 'ਤੇ ਚੀਨੀ ਘੁਸਪੈਠ ਬਾਰੇ ਅਪਡੇਟ ਦਿੱਤਾ ਹੈ।

ਰੱਖਿਆ ਮੰਤਰਾਲੇ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਪੂਰਬੀ ਲੱਦਾਖ਼ ਚੀਨ ਵੱਲੋਂ ਇੱਕਤਰਫ਼ਾ ਘੁਸਪੈਠ ਨਾਲ ਪੈਦਾ ਹੋਈ ਸਥਿਤੀ ਸੰਵੇਦਨਸ਼ੀਲ ਬਣੀ ਹੋਈ ਹੈ ਅਤੇ ਇਸ ਬਾਰੇ ਸਥਿਤੀ ਦੇ ਆਧਾਰ 'ਤੇ ਨੇੜੇ ਤੋਂ ਨਿਗਰਾਲੀ ਅਤੇ ਤੁਰੰਤ ਕਾਰਵਾਈ ਦੀ ਜ਼ਰੂਰਤ ਹੈ।

ਦੱਸਣਾ ਬਣਦਾ ਹੈ ਕਿ ਦੋਵੇਂ ਦੇਸ਼ਾਂ ਦੇ ਦਰਮਿਆਨ ਸਰਹੱਦੀ ਵਿਵਾਦ ਦੇ ਚੱਲਦਿਆਂ ਦੋਵੇਂ ਦੇਸ਼ ਮਾਮਲੇ ਨੂੰ ਸੁਲਝਾਉਣ ਲਈ ਫੌਜ ਅਧਿਕਾਰੀਆਂ ਰਾਹੀਂ ਗੱਲਬਾਤ ਕਰ ਰਹੇ ਹਨ। ਇਸ ਦੇ ਤਹਿਤ ਭਾਰਤ ਅਤੇ ਚੀਨ ਦੇ ਵਿਚਾਲੇ ਲੈਫ਼ਟੀਨੈਂਟ ਜਨਰਲ ਪੱਧਰ ਦੇ ਅਧਿਕਾਰੀਆਂ ਦਰਮਿਆਨ ਬੀਤੇ ਐਤਵਾਰ ਨੂੰ ਪੰਜਵੇਂ ਦੌਰ ਦੀ ਗੱਲਬਾਤ ਹੋਈ ਸੀ ਜੋ ਬੇਨਤੀਜਾ ਰਹੀ ਹੈ।

ਜਾਣਕਾਰੀ ਮੁਤਾਬਕ ਹੁਣ ਚੀਨ ਨੇ ਉਲਟਾ ਭਾਰਤ ਨੂੰ ਪੈਂਗੋਂਗ ਤਸੋ ਤੋਂ ਪਿੱਛੇ ਹਟਣ ਲਈ ਕਿਆ ਹੈ। ਚੀਨ ਦੇ ਇਸ ਪ੍ਰਸਤਾਵ ਨੂੰ ਭਾਰਤ ਨੇ ਠੁਕਰਾ ਦਿੱਤਾ ਹੈ। ਚੀਨ ਨੇ ਭਾਰਤ ਨੂੰ ਫ਼ਿੰਗਰ ਚਾਰ ਤੋਂ ਵੀ ਪਿੱਛੇ ਹਟਣ ਲਈ ਕਿਹਾ ਹੈ। ਫ਼ਿੰਗਰ ਚਾਰ ਐਲਏਸੀ ਦੇ ਇਸ ਪਾਸੇ ਭਾਰਤ ਦੇ ਕੰਟਰੋਲ ਵਾਲਾ ਖੇਤਰ ਰਿਹਾ ਹੈ, ਪਰ ਮਈ ਮਹੀਨੇ ਤੋਂ ਚੀਨੀ ਫੌਜ ਫ਼ਿੰਗਰ ਚਾਰ 'ਤੇ ਚੁੱਕੀ ਸੀ, ਬਾਅਦ ਵਿੱਚ ਗੱਲਬਾਤ ਤੋਂ ਬਾਅਦ ਚੀਨੀ ਫੌਜ ਫਿੰਗਰ ਪੰਜ 'ਤੇ ਚਲੀ ਗਈ।

ਉਧਰ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੱਦਾਖ 'ਚ ਚੀਨੀ ਘੁਸਪੈਠ ਨੂੰ ਲੈ ਕੇ ਸੱਚ ਨਹੀਂ ਬੋਲ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਸਬੰਧ 'ਚ ਝੂਠ ਬੋਲਣ ਦਾ ਕਾਰਨ ਦੇਸ਼ ਦੀ ਜਨਤਾ ਨੂੰ ਦੱਸਣਾ ਚਾਹੀਦਾ ਹੈ ।

ਰਾਹੁਲ ਨੇ ਕਿਹਾ ਕਿ ਉਹ ਗਲਤ ਸੂਚਨਾ ਦੇਸ਼ ਨੂੰ ਦੇ ਰਹੇ ਹਨ, ਜਦੋਂ ਕਿ ਖਬਰਾਂ 'ਚ ਕਿਹਾ ਜਾ ਰਿਹਾ ਹੈ ਕਿ ਰੱਖਿਆ ਮੰਤਰਾਲੇ ਦੀ ਮਈ ਮਹੀਨੇ ਦੀ ਰਿਪੋਰਟ 'ਚ ਸਪੱਸ਼ਟ ਕਿਹਾ ਗਿਆ ਹੈ ਕਿ ਚੀਨ ਨੇ ਭਾਰਤੀ ਖੇਤਰ 'ਚ ਘੁਸਪੈਠ ਕੀਤੀ ਹੈ ।

ਮੰਤਰਾਲੇ ਦੀ ਰਿਪੋਰਟ 'ਚ ਇਸ ਸਬੰਧ 'ਚ ਪੂਰਾ ਵੇਰਵਾ ਦਿੱਤਾ ਗਿਆ ਹੈ । ਕਾਂਗਰਸ ਨੇਤਾ ਨੇ ਇਸ ਰਿਪੋਰਟ 'ਚ ਦਿੱਤੇ ਗਏ ਵੇਰਵੇ ਨੂੰ ਲੈ ਕੇ ਇਕ ਅਖਬਾਰ 'ਚ ਛਪੀ ਖਬਰ ਪੋਸਟ ਕਰਦੇ ਹੋਏ ਟਵੀਟ ਕੀਤਾ 'ਪ੍ਰਧਾਨ ਮੰਤਰੀ ਝੂਠ ਕਿਉਂ ਬੋਲ ਰਹੇ ਹਨ ।''

ਦੱਸਣਾ ਬਣਦਾ ਹੈ ਕਿ ਕਾਂਗਰਸ ਲੱਦਾਖ 'ਚ ਚੀਨੀ ਫੌਜ ਦੀ ਮੌਜੂਦਗੀ ਨੂੰ ਲੈ ਕੇ ਸਰਕਾਰ 'ਤੇ ਹਮਲਾ ਬੋਲ ਰਹੀ ਹੈ ।

ਕਾਂਗਰਸ ਦਾ ਕਹਿਣਾ ਹੈ ਕਿ ਸਰਕਾਰ ਨੇ ਲੱਦਾਖ 'ਚ ਚੀਨੀ ਕਬਜ਼ੇ 'ਤੇ ਦੇਸ਼ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਹੈ ਅਤੇ ਦੇਸ਼ ਨੂੰ ਹਨ੍ਹੇਰੇ 'ਚ ਰੱਖਿਆ ਹੈ ।

## ਪੰਜਾਬ ਦੇ ਕੈਬਨਿਟ ਮੰਤਰੀਆਂ ਵੱਲੋਂ ...

ਵੱਲੋਂ ਨਕਲੀ ਸ਼ਰਾਬ ਦੀ ਤਰਾਸਦੀ 'ਤੇ ਚਿੰਤਾਵਾਂ ਜ਼ਾਹਰ ਕਰਨ ਦੇ ਫੈਸਲੇ 'ਤੇ ਸਵਾਲ ਚੁੱਕਦਿਆਂ ਮੰਤਰੀਆਂ ਨੇ ਕਿਹਾ ਕਿ ਦੋਵੇਂ ਸੰਸਦ ਮੈਂਬਰਾਂ ਨੇ ਆਪਣੇ ਰਾਜ ਸਭਾ ਦੇ ਸਮੇਂ ਦੌਰਾਨ ਕਦੇ ਵੀ ਪੰਜਾਬ ਦੇ ਹਿੱਤਾਂ ਦਾ ਮਸਲਾ ਨਹੀਂ ਉਠਾਇਆ ਜਦਕਿ ਉਹ ਨੁਮਾਇੰਦਗੀ ਸੂਬੇ ਦੀ ਕਰਦੇ ਹਨ। ਮੰਤਰੀਆਂ ਨੇ ਕਿਹਾ, "ਦੋਵਾਂ ਨੇ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਆਰਡੀਨੈਂਸ ਖਿਲਾਫ ਸੰਸਦ ਵਿਚ ਆਵਾਜ਼ ਕਿਉਂ ਨਹੀਂ ਉਠਾਈ?" ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਵਿੱਚ ਸੀ.ਬੀ.ਆਈ ਦੀ ਨਾਕਾਮੀ 'ਤੇ ਦੋਵਾਂ ਨੇ ਚੁੱਪ ਕਿਉਂ ਨਹੀਂ ਤੋੜੀ?

ਕੈਬਨਿਟ ਮੰਤਰੀਆਂ ਨੇ ਕਿਹਾ ਕਿ ਨਕਲੀ ਸ਼ਰਾਬ ਦੀ ਘਟਨਾ ਨਾਲ ਨਿਪਟਣ ਵਿੱਚ ਸਰਕਾਰ ਵਿਰੁੱਧ ਰੋਸ ਜ਼ਾਹਰ ਲਈ ਪਾਰਟੀ ਅਤੇ ਸਰਕਾਰ ਦੇ ਮੰਚ ਨੂੰ ਦਰਕਿਨਾਰ ਕਰਨ ਅਤੇ ਇਸ ਮਾਮਲੇ ਦੀ ਸੀ.ਬੀ.ਆਈ ਅਤੇ ਈ.ਡੀ ਪਾਸੋਂ ਜਾਂਚ ਕਰਵਾਉਣ ਲਈ ਰਾਜਪਾਲ ਤੱਕ ਪਹੁੰਚ ਕਰਕੇ ਦੋਵਾਂ ਸੰਸਦ ਮੈਂਬਰਾਂ ਨੇ ਨਾ ਸਿਰਫ ਜਮਹੂਰੀ ਸਾਸ਼ਨ ਦੀ ਬੁਨਿਆਦ ਨੂੰ ਸੱਟ ਮਾਰੀ ਹੈ ਸਗੋਂ ਪੁਲਿਸ ਫੋਰਸ ਦੇ ਵੱਕਾਰ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਦਕਿ ਸੂਬੇ ਦੀ ਪੁਲਿਸ ਕੋਵਿਡ ਦੀ ਮਹਾਂਮਾਰੀ ਦੇ ਦਬਾਅ ਦੇ ਬਾਵਜੂਦ ਸ਼ਰਾਬ ਮਾਫੀਏ 'ਤੇ ਸ਼ਿਕੰਜਾ ਕੱਸ ਰਹੀ ਹੈ। ਮੰਤਰੀਆਂ ਨੇ ਕਿਹਾ ਕਿ ਇਹ ਜਮਹੂਰੀ ਪ੍ਰਣਾਲੀ ਤੇ ਸੰਸਥਾਵਾਂ ਦੇ ਕੰਮ ਕਰਨ ਦਾ ਢੰਗ ਨਹੀਂ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ ਜਾਂਚ ਦੀ ਲੋੜ ਤਾਂ ਹੀ ਪੈਂਦੀ ਹੈ ਜੇਕਰ ਪੁਲਿਸ ਨਤੀਜੇ ਦੇਣ ਵਿਚ ਨਾਕਾਮ ਰਹਿ ਜਾਵੇ ਜਦਕਿ ਇਸ ਵੇਲੇ ਅਜਿਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਵਿੱਚ ਸੀ.ਬੀ.ਆਈ. ਦੀ ਨਾਅਹਿਲੀਅਤ ਸਮੁੱਚੇ ਪੰਜਾਬ ਨੇ ਵੇਖੀ ਹੈ ਅਤੇ ਹੁਣ ਆਖਰ ਵਿੱਚ ਇਹ ਮਾਮਲਾ ਸੂਬੇ ਦੀ ਪੁਲੀਸ ਹੱਲ ਕਰਨ ਵਿੱਚ ਲੱਗੀ ਹੋਈ ਹੈ। ਮੰਤਰੀਆਂ ਨੇ ਕਿਹਾ ਕਿ ਇੱਥੋਂ ਤੱਕ ਕਿ ਮਿੱਥ ਕੇ ਕੀਤੇ ਕਤਲਾਂ ਨੂੰ ਵੀ ਸੀ.ਬੀ.ਆਈ. ਨੇ ਨਹੀਂ ਸਗੋਂ ਸੂਬੇ ਦੀ ਪੁਲੀਸ ਨੇ ਸੁਲਝਾਇਆ। ਉਨ੍ਹਾਂ ਨੇ ਨਕਲੀ ਸ਼ਰਾਬ ਕੇਸ ਵਿੱਚ ਹਰੇਕ ਦੋਸ਼ੀ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਪੰਜਾਬ ਪੁਲੀਸ ਦੀ ਯੋਗਤਾ ਵਿੱਚ ਭਰੋਸਾ ਜ਼ਾਹਰ ਕੀਤਾ।

ਮੰਤਰੀਆਂ ਨੇ ਆਖਿਆ ਕਿ ਹੋਰ ਤਾਂ ਹੋਰ, ਸੀ.ਬੀ.ਆਈ. ਜਾਂਚ ਦੀ ਸਿਫਾਰਸ਼ ਕਰਨ ਜਾਂ ਨਾ ਕਰਨ ਦਾ ਫੈਸਲਾ ਵੀ ਸੂਬਾ ਸਰਕਾਰ ਨੇ ਲੈਣ ਨਾ ਕਿ ਇਨ੍ਹਾਂ ਦੋਵਾਂ ਸੰਸਦ ਮੈਂਬਰਾਂ ਨੇ, ਜੋ ਸੰਸਦ ਵਿੱਚ ਪੰਜਾਬ ਦੇ ਹਿੱਤਾਂ ਲਈ ਆਵਾਜ਼ ਉਠਾਉਣ ਦੇ ਵੀ ਯੋਗ ਨਹੀਂ ਹਨ। ਸੰਸਦ ਮੈਂਬਰ ਵਜੋਂ ਆਪਣੇ ਫਰਜ਼ ਨਿਭਾਉਣ ਦੀ ਬਜਾਏ ਬਾਜਵਾ ਤੇ ਦੂਲੋ ਆਪਣੀ ਸਰਕਾਰ ਨੂੰ ਅਸਥਿਰ ਕਰਨ ਦੀ ਤਾਕ ਵਿੱਚ ਹਨ ਜੋ ਜਾਂ ਤਾਂ ਸੱਤਾ ਦੀ ਲਾਲਸਾ ਦੀ ਭੁੱਖ ਮਿਟਾਉਣ ਲਈ ਅਜਿਹਾ ਕਰਦੇ ਹਨ ਜਾਂ ਫਿਰ ਉਨ੍ਹਾਂ ਲੋਕਾਂ ਦੀ ਸ਼ਹਿ ਨਾਲ ਅਜਿਹਾ ਕਰ ਰਹੇ ਹਨ ਜੋ ਪੰਜਾਬ ਵਿੱਚ ਕਾਂਗਰਸ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੇ ਹਨ। ਮੰਤਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਦੋਵਾਂ ਆਗੂਆਂ ਨੇ ਆਪਣੇ ਆਪ ਨੂੰ ਨਿਕੰਮਾ ਬਣਾ ਲਿਆ ਹੈ ਅਤੇ ਇਨ੍ਹਾਂ ਦੀ ਪਾਰਟੀ ਵਿੱਚ ਕੋਈ ਵੁੱਕਤ ਨਹੀਂ ਹੈ ਤੇ ਇਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਪਾਰਟੀ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੀ ਮੰਦਭਾਗੀ ਤੇ ਅਸਵੀਕਾਰਨਯੋਗ ਗੱਲ ਹੈ ਕਿ ਆਪਣੇ ਵਤੀਰੇ ਪ੍ਰਤੀ ਦੂਰ-ਦੂਰ ਤੱਕ ਵੀ ਇਹ ਦੋਵੇਂ ਆਗੂ ਸ਼ਰਮਿੰਦਾ ਨਹੀਂ ਹਨ ਅਤੇ ਇਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਖਿਲਾਫ ਨਿੱਜੀ ਸ਼ਬਦੀ ਹਮਲੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਸੰਸਦ ਮੈਂਬਰ ਕਿਵੇਂ ਆਪਣੀ ਹੀ ਪਾਰਟੀ ਦੇ ਸੂਬਾ ਪ੍ਰਧਾਨ ਖਿਲਾਫ਼ ਅਜਿਹੀ ਭੱਦੀ ਸ਼ਬਦਾਵਲੀ ਵਰਤ ਸਕਦਾ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਮਜ਼ਬੂਤ ਲੀਡਰਸ਼ਿਪ ਮੌਜੂਦ ਹੈ ਅਤੇ ਸੂਬੇ ਵਿੱਚ ਪਾਰਟੀ ਦੇ ਵੱਕਾਰ ਨੂੰ ਸੱਟ ਮਾਰਨ ਵਾਲੇ ਅਜਿਹੇ ਦੋ ਅਨੁਸ਼ਾਸਨਹੀਣ ਮੈਂਬਰਾਂ ਦੀ ਕੋਈ ਵੀ ਲੋੜ ਨਹੀਂ ਹੈ।

## ਮਨੋਜ ਸਿਨਾਹ ਜੰਮੂ-ਕਸ਼ਮੀਰ ਦੇ ...

ਹਨ । ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਗਾਜੀਪੁਰ ਤੋਂ ਚੋਣ ਲੜੀ ਸੀ, ਪਰ ਉਹ ਜਿੱਤ ਨਹੀਂ ਸਕੇ । ਉਨ੍ਹਾਂ ਨੂੰ ਗਠਜੋੜ ਦੀ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਅਫਜ਼ਲ ਅੰਸਾਰੀ ਨੇ 119,392 ਵੋਟਾਂ ਨਾਲ ਹਰਾਇਆ ਸੀ ।

## ਪੱਛਮੀ ਬੰਗਾਲ ਦੇ ਉੱਘੇ...

ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਪਰ ਬਾਅਦ ਵਿੱਚ ਈਐਮ ਬਾਈਪਾਸ ਨੇੜੇ ਇੱਕ ਨਿੱਜੀ ਹਸਪਤਾਲ 'ਚ ਤਬਦੀਲ ਕਰ ਦਿੱਤਾ ਗਿਆ। ਅਗਲੇ ਦਿਨ ਉਨ੍ਹਾਂ ਦੀ ਸਿਹਤ 'ਚ ਕੁਝ ਸੁਧਾਰ ਹੋਇਆ, ਪਰ ਉਸ ਤੋਂ ਬਾਅਦ ਹਾਲਤ ਫ਼ਿਰ ਵਿਗੜ ਗਈ। ਵੀਰਵਾਰ ਦੁਪਹਿਰ 1.45 ਵਜੇ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਸੀਪੀਆਈ (ਐਮ) ਦੇ ਸੀਨੀਅਰ ਨੇਤਾ ਸੁਜਾਨ ਚਕਰਵਰਤੀ ਨੇ ਕਿਹਾ ਕਿ ਸ਼ਿਆਮਲ ਚਕਰਵਰਤੀ ਦੀ ਮੌਤ ਸਾਡੇ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਭ ਕੁਝ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ਼ਿਆਮਲ ਚਕਰਵਰਤੀ ਨੂੰ ਬਚਾਉਣ ਵਿੱਚ ਅਸਫ਼ਲ ਰਹੇ।

ਪੱਛਮੀ ਬੰਗਾਲ ਦੇ ਸਿੱਖਿਆ ਮੰਤਰੀ ਪਾਰਥ ਚੈਟਰਜੀ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਆਮਲ ਚਕਰਵਰਤੀ ਦੀ ਮੌਤ ਹੋਣ ਨਾਲ ਬੜਾ ਦੁੱਖ ਹੋਇਆ ਹੈ, ਕਿਉਂਕਿ ਉਹ ਲੋਕਾਂ ਦੇ ਆਗੂ ਤੇ ਕਿਰਤੀ ਜਮਾਤ ਦੇ ਨੁਮਾਇੰਦੇ ਸਨ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਵੱਖੋ ਵੱਖਰੀ ਵਿਚਾਰਧਾਰਾ ਵਾਲੇ ਹਾਂ, ਪਰ ਮੇਰੀ ਸ਼ਿਆਮਲ ਚਕਰਵਰਤੀ ਨਾਲ ਬਹੁਤ ਦੋਸਤੀ ਰਹੀ। ਉਨ੍ਹਾਂ ਨੇ ਚਕਰਵਰਤੀ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਾਹਰ ਕੀਤਾ ਹੈ।

## ਕੋਵਿਡ-19 : ਪੀੜਤਾਂ ਦੀ ਗਿਣਤੀ ....

ਹਨ । ਆਂਧਰਾ ਪ੍ਰਦੇਸ਼ 'ਚ ਮਰੀਜ਼ਾਂ ਦੀ ਗਿਣਤੀ 1322 ਵੱਧਣ ਨਾਲ ਸਰਗਰਮ ਮਾਮਲੇ 80,426 ਹੋ ਗਏ ਹਨ । ਸੂਬੇ 'ਚ ਹੁਣ ਤੱਕ 1681 ਲੋਕਾਂ ਦੀ ਮੌਤ ਹੋਈ ਹੈ ਅਤੇ ਕੁੱਲ 104354 ਲੋਕ ਰੋਗ ਮੁਕਤ ਹੋਏ ਹਨ ।

## ਕੇਂਦਰ ਵੱਲੋਂ ਸੂਬਿਆਂ ਲਈ ...

7774 ਕਰੋੜ ਰੁਪਏ ਦੀ ਵਰਤੋਂ ਕੀਤੀ ਜਾਏਗੀ । ਇਸ ਤੋਂ ਬਾਅਦ 7246 ਕਰੋੜ ਸਾਲ ਦੀ ਬਾਕੀ ਬਚੀ ਰਕਮ ਸਮੇਂ-ਸਮੇਂ 2024 ਤੱਕ ਖਰਚ ਕੀਤੀ ਜਾਵੇਗੀ । ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕੋਵਿਡ-19 ਦੇ ਇਲਾਜ, ਬੁਨਿਆਦੀ ਢਾਂਚੇ ਤੇ ਹੋਰ ਖਰਚਿਆਂ ਲਈ 4113 ਕਰੋੜ ਰੁਪਏ ਦੇ ਚੁੱਕੀ ਹੈ ।

## ਅਹਿਮਦਾਬਾਦ : ਆਈਸੀਯੂ 'ਚ ...

ਤੇ 3 ਔਰਤਾਂ ਦੀ ਮੌਤ ਹੋਈ ਹੈ ।

ਅਹਿਮਦਾਬਾਦ ਫਾਇਰ ਫਾਈਟਰਜ਼ ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਕਿ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ । ਦੱਸਿਆ ਜਾ ਰਿਹਾ ਹੈ ਕਿ ਗੁਜਰਾਤ ਵਿਚ ਕੋਰੋਨਾ ਵਾਇਰਸ ਦੇ 1,073 ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸੂਬੇ ਵਿਚ ਵਾਇਰਸ ਦੇ ਮਾਮਲੇ 66,777 ਹੋ ਗਈ ਹੈ, ਉੱਥੇ ਹੀ, ਵਾਇਰਸ ਕਾਰਨ ਮਰਨ ਵਾਲਿਆਂ ਦੀ ਗਿਣਤੀ 2,557 ਹੈ ।

## ਪੀਐਮ ਵੱਲੋਂ ਮ੍ਰਿਤਕ ਪਰਿਵਾਰਾਂ ...

ਪਟੇਲ ਨਾਲ ਇਸ ਸਿਲਸਿਲੇ 'ਚ ਗੱਲ ਕੀਤੀ ਅਤੇ ਹਾਲਾਤ ਦਾ ਜਾਇਜ਼ਾ ਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰ ਕੇ ਕਿਹਾ ਕਿ ਅਹਿਮਦਾਬਾਦ ਦੇ ਹਸਪਤਾਲ 'ਚ ਲੱਗੀ ਅੱਗ ਦੀ ਘਟਨਾ ਤੋਂ ਮਨ ਬਹੁਤ ਦੁਖੀ ਹੋਇਆ। ਦੁਖੀ ਪਰਿਵਾਰਾਂ ਪ੍ਰਤੀ ਮੇਰੀ ਹਮਦਰਦੀ ਹੈ । ਜ਼ਖਮੀਆਂ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕਰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਰੂਪਾਨੀ ਅਤੇ ਮੇਅਰ ਪਟੇਲ ਨਾਲ ਗੱਲ ਕਰ ਕੇ ਉਨ੍ਹਾਂ ਨੇ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ । ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਪ੍ਰਭਾਵਤ ਲੋਕਾਂ ਨੂੰ ਹਰਸੰਭਵ ਮਦਦ ਪਹੁੰਚਾਈ ਜਾ ਰਹੀ ਹੈ । ਸਥਾਨਕ ਅਧਿਕਾਰੀਆਂ ਮੁਤਾਬਕ ਹਸਪਤਾਲ 'ਚ ਕੋਵਿਡ-19 ਦੇ ਕਰੀਬ 40 ਹੋਰ ਮਰੀਜ਼ਾਂ ਨੂੰ ਬਚਾ ਲਿਆ ਗਿਆ ਅਤੇ ਉਨ੍ਹਾਂ ਨੂੰ ਸ਼ਹਿਰ ਦੇ ਇਕ ਹੋਰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ।

## ਬੇਰੂਤ : ਧਮਾਕੇ ਦੀ ਲਪੇਟ 'ਚ ...

ਨੇ ਆਪਣੇ ਟਵੀਟ ਵਿਚ ਲਿਖਿਆ, "ਲਿਬਨਾਨ ਵਿਚ ਮੇਰੇ ਘਰ 'ਤੇ ਬੰਬਾਰੀ ਹੋਈ । ਮੇਰਾ ਖ਼ੂਨ ਵਗ ਰਿਹਾ ਹੈ ।" ਆਂਚਲ ਵੋਹਰਾ ਮੇਰਠ ਵਿਚ ਵੱਡੀ ਹੋਈ ਹੈ । ਉਨ੍ਹਾਂ ਦਾ ਪਰਿਵਾਰ ਹਾਲੇ ਵੀ ਮੇਰਠ ਦੇ ਸ਼ਾਸਤਰੀ ਨਗਰ ਵਿਚ ਰਹਿੰਦਾ ਹੈ । ਆਂਚਲ ਵੌਇਸ ਆਫ ਅਮਰੀਕਾ ਦੀ ਪੱਤਰਕਾਰ ਹੈ ਜੋ ਬੇਰੂਤ ਵਿਚ ਕਹਿ ਕੇ ਮਿਡਲ ਈਸਟ ਅਤੇ ਸਾਊਥ ਏਸ਼ੀਆ ਨੂੰ ਕਵਰ ਕਰਦੀ ਹੈ । ਆਂਚਲ ਅਲ ਜਜ਼ੀਰਾ ਦੇ ਲਈ ਵੀ ਲਿਖਦੀ ਹੈ ਅਤੇ ਟਾਈਮਜ਼ ਲਈ ਫੌਰੇਨ ਪਾਲਿਸੀ ਕੰਟ੍ਰੀਬਿਊਟਰ ਹੈ । ਵਰਤਮਾਨ ਵਿਚ ਉਸ ਦੀ ਤਾਇਨਾਤੀ ਲਿਬਨਾਨ ਦੇ ਬੇਰੂਤ ਵਿਚ ਹੈ, ਜਿਸ ਜਗ੍ਹਾ ਧਮਾਕਾ ਹੋਇਆ ਹੈ, ਉੱਥੋਂ ਆਂਚਲ ਦਾ ਘਰ ਲਗਭਗ ਡੇਢ ਕਿਲੋਮੀਟਰ ਦੂਰ ਹੈ ।

## ਪੰਜਾਬ : ਇੱਕ ਦਿਨ 'ਚ ਗਈਆਂ ...

ਫਿਰੋਜ਼ਪੁਰ 33 ਤੇ ਮਾਨਸਾ ਦੇ 6 ਕੇਸ ਮਿਲੇ ਹਨ ।

ਪੰਜਾਬ ਦੇ 22 ਜ਼ਿਲ੍ਹੇ ਕੋਰੋਨਾ ਦੀ ਲਪੇਟ ਵਿਚ ਹਨ । ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕੋਰੋਨਾ ਦੀ ਲਾਗ ਦੇ ਮਰੀਜ਼ਾਂ ਦੀ ਗਿਣਤੀ ਇਸ ਤਰ੍ਹਾਂ ਹੈ । ਲੁਧਿਆਣਾ ਵਿਚ 4426, ਜਲੰਧਰ ਵਿਚ 2845, ਅੰਮ੍ਰਿਤਸਰ ਵਿਚ 2237, ਸੰਗਰੂਰ ਵਿਚ 1194, ਪਟਿਆਲਾ ਵਿਚ 2258, ਐਸਏਐਸ ਨਗਰ ਵਿਚ 1080, ਗੁਰਦਾਸਪੁਰ ਵਿਚ 723, ਪਠਾਨਕੋਟ ਵਿਚ 485, ਤਰਨ ਤਾਰਨ ਵਿਚ 414, ਹੁਸ਼ਿਆਰਪੁਰ ਵਿਚ 586, ਐਸਬੀਐਸ ਨਗਰ ਵਿਚ 324, ਫਰੀਦਕੋਟ ਵਿਚ 354, ਮੁਕਤਸਰ ਵਿਚ 266, ਫਿਰੋਜ਼ਪੁਰ ਵਿਚ 617, ਫਤਿਹਗੜ੍ਹ ਸਾਹਿਬ ਵਿਚ 424, ਮੋਗਾ ਵਿਚ 515, ਕਪੂਰਥਲਾ ਵਿਚ 354, ਬਠਿੰਡਾ ਵਿਚ 711, ਰੋਪੜ 286, ਫਾਜ਼ਿਲਕਾ ਵਿਚ 347, ਬਰਨਾਲਾ ਵਿਚ 384 ਤੇ ਮਾਨਸਾ 'ਚ 165 ਕੋਰੋਨਾ ਪਾਜ਼ੇਟਿਵ ਕੇਸ ਹਨ ਤੇ ਇਸ ਤਰ੍ਹਾਂ ਸੂਬੇ ਵਿੱਚ ਪੀੜਤਾਂ ਦੀ ਕੁੱਲ ਗਿਣਤੀ 20891 'ਤੇ ਪੁੱਜ ਗਈ ਹੈ ਅਤੇ ਮੌਤਾਂ ਦਾ ਅੰਕੜਾ 517 ਹੋ ਗਿਆ ਹੈ ।

## ਮੁੰਬਈ 'ਚ ਤੇਜ਼ ਹਵਾਵਾਂ ਤੇ ਭਾਰੀ ...

ਸਥਿਤ ਜਵਾਹਰ ਲਾਲ ਨਹਿਰੂ ਪੋਰਟ ਟਰੱਸਟ 'ਤੇ ਤਾਇਨਾਤ ਤਿੰਨ ਉੱਚ ਸਮਰੱਥਾ ਦੀਆਂ ਕਰੇਨਾਂ ਤੇਜ਼ ਹਵਾਵਾਂ ਨਾਲ ਢਹਿ ਗਈਆਂ। ਇਸ ਦੌਰਾਨ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਨੇ ਮਸਜਿਦ ਬੰਦਰ ਅਤੇ ਬਾਇਖਲਾ ਸਟੇਸ਼ਨਾਂ ਵਿਚਾਲੇ ਲੋਕਲ ਟਰੇਨ 'ਚ ਫਸੇ ਕਰੀਬ 150 ਮੁਸਾਫਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ । ਚਰਨੀ ਰੋਡ ਸਟੇਸ਼ਨ ਕੋਲ ਇੱਕ ਦਰੱਖ਼ਤ ਡਿੱਗਣ ਨਾਲ ਅਤੇ ਚਿੰਗਾਰੀ ਨਾਲ ਅੱਗ ਲੱਗਣ ਨਾਲ ਤਾਰ ਅਤੇ ਉਪਕਰਣ ਨੁਕਸਾਨੇ ਗਏ। ਪੱਛਮੀ ਮਹਾਰਾਸ਼ਟਰ ਦੇ ਪੁਣੇ, ਸਤਾਰਾ ਅਤੇ ਕੋਲਹਾਪੁਰ ਜ਼ਿਲ੍ਹਿਆਂ 'ਚ ਵੀ ਮੀਂਹ ਪਿਆ । ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨਾਲ ਗੱਲਬਾਤ ਕਰਕੇ ਮੁੰਬਈ ਅਤੇ ਨੇੜਲੇ ਇਲਾਕਿਆਂ 'ਚ ਭਾਰੀ ਮੀਂਹ ਦੇ ਚੱਲਦਿਆਂ ਪੈਦਾ ਹਾਲਤ 'ਤੇ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ।

## ਹਿਮਾਚਲ ਪ੍ਰਦੇਸ਼ : ਅਸਮਾਨੀ ...

ਮੋਨਿਕਾ ਨੇ ਮਾਮਲੇ ਦੀ ਪੁਸ਼ਟੀ ਕੀਤੀ ਹੈ । ਉਨ੍ਹਾਂ ਦੱਸਿਆ ਕਿ ਲਾਪਤਾ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ । ਪੁਲਿਸ ਮਾਮਲੇ ਦੀ ਜਾਂਚ 'ਚ ਜੁਟੀ ਹੋਈ ਹੈ ।

## ਆਰਬੀਆਈ ਵੱਲੋਂ ਵਿਆਜ ਦਰਾਂ 'ਚ ...

ਮਜ਼ਬੂਤੀ ਦਿਖਾਈ ਅਤੇ ਨਿਫਟੀ 11,150 ਅੰਕਾਂ ਦੇ ਵਾਧੇ ਨਾਲ ਕਾਰੋਬਾਰ ਕਰ ਰਿਹਾ ਸੀ । ਕੋਰੋਨਾ ਆਫ਼ਤ ਵਿਚ ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਦੀ ਸਮੀਖਿਆ ਦੀ ਇਹ ਤੀਜੀ ਮੀਟਿੰਗ ਸੀ ।

ਜ਼ਿਕਰਯੋਗ ਹੈ ਕਿ ਕੋਰੋਨਾ ਸੰਕਟ ਕਾਰਨ ਇਸ ਤੋਂ ਪਹਿਲਾਂ ਵੀ ਦੋ ਵਾਰ ਮੀਟਿੰਗ ਹੋ ਚੁੱਕੀ ਹੈ । ਪਹਿਲੀ ਮੀਟਿੰਗ ਮਾਰਚ ਵਿਚ ਅਤੇ ਫਿਰ ਦੂਜੀ ਮੀਟਿੰਗ ਮਈ 2020 ਵਿਚ ਹੋਈ ਸੀ । ਇਨ੍ਹਾਂ ਦੋਵਾਂ ਬੈਠਕਾਂ ਵਿਚ ਰਿਜ਼ਰਵ ਬੈਂਕ ਦੀ ਕੁਲ ਰੈਪੋ ਰੇਟ ਵਿਚ 1.15 ਪ੍ਰਤੀਸ਼ਤ ਦੀ ਕਮੀ ਆਈ ਹੈ। ਪਿਛਲੇ ਸਾਲ ਯਾਨੀ ਫਰਵਰੀ 2019 ਤੋਂ ਬਾਅਦ ਰੈਪੋ ਰੇਟ ਵਿਚ 2.50 ਪ੍ਰਤੀਸ਼ਤ ਦੀ ਕਟੌਤੀ ਕੀਤੀ ਗਈ ਹੈ ।

## ਵਿਜੈ ਮਾਲੀਆ ਨੂੰ ਨਹੀਂ ਮਿਲੀ ...

ਜਾਵੇਗਾ । ਜ਼ਿਕਰਯੋਗ ਹੈ ਕਿ ਮਾਲੀਆ ਨੇ ਬੰਦ ਹੋ ਚੁੱਕੀ ਆਪਣੀ ਏਅਰਲਾਇਨਜ਼ ਕੰਪਨੀ ਕਿੰਗਫਿਸ਼ਰ ਲਈ ਬੈਂਕਾਂ ਤੋਂ ਨੌ ਹਜ਼ਾਰ ਕਰੋੜ ਰੁਪਏ ਦਾ ਕਰਜ਼ ਲਿਆ ਸੀ, ਪਰ ਕਰਜ਼ ਚੁਕਾਏ ਬਿਨਾਂ ਹੀ ਲੰਡਨ ਭੱਜ ਗਿਆ । ਲੰਡਨ 'ਚ ਉਸ ਦੀ ਹਵਾਲਗੀ ਲਈ ਕੇਸ ਚੱਲ ਰਿਹਾ ਹੈ । ਫਿਲਹਾਲ ਹਵਾਲਗੀ ਦੇ ਮਾਮਲੇ 'ਚ ਮਾਲੀਆ ਦੇ ਸਾਹਮਣੇ ਸਾਰੇ ਕਾਨੂੰਨੀ ਰਸਤੇ ਬੰਦ ਹੋ ਚੁੱਕੇ ਹਨ । ਬਰਤਾਨੀਆ ਦੇ ਸੁਪਰੀਮ ਕੋਰਟ 'ਚ ਅਪੀਲ ਕਰਨ ਦੀ ਉਸ ਦੀ ਪਟੀਸ਼ਨ ਮਈ 'ਚ ਖਾਰਜ਼ ਕਰ ਦਿੱਤੀ ਗਈ ਸੀ । ਹਾਲਾਂਕਿ ਸਾਰੇ ਉਸ ਦੇ ਹਵਾਲਗੀ ਨੂੰ ਲੈ ਕੇ ਅਨਿਸ਼ਚਿਤਾ ਕਾਇਮ ਹੈ, ਕਿਉਂਕਿ ਬ੍ਰਿਟਿਸ਼ ਸਰਕਾਰ ਨੇ ਮਾਲੀਆ ਵੱਲੋਂ ਤੋਂ ਸ਼ਰਨ ਮੰਗਣ ਸੰਬੰਧੀ ਬੇਨਤੀ ਨੂੰ ਲੈ ਕੇ ਕੋਈ ਸਥਿਤੀ ਸਪੱਸ਼ਟ ਨਹੀਂ ਕੀਤੀ ਹੈ ।

## ਪ੍ਰਿਯੰਕਾ ਗਾਂਧੀ ਨੇ ਕੀਤੀ...

ਕਰਦੇ ਹੋਏ ਕਿਹਾ ਸੀ ਕਿ ਜੰਮੂ-ਕਸ਼ਮੀਰ 'ਚ ਲੋਕਤੰਤਰ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਉੱਥੇ ਨੇਤਾਵਾਂ ਨੂੰ ਨਜ਼ਰਬੰਦ ਕਰ ਕੇ ਰੱਖਿਆ ਗਿਆ ਹੈ। ਹਾਲਾਂਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਹਾਈ ਕੋਰਟ 'ਚ ਇੱਕ ਹਲਫਨਾਮਾ ਦਾਇਰ ਕਰ ਕੇ ਕਿਹਾ ਸੀ ਕਿ ਸ੍ਰੀ ਸੋਜ਼ ਨੂੰ ਨਾ ਕਦੇ ਹਿਰਾਸਤ 'ਚ ਲਿਆ ਗਿਆ ਅਤੇ ਨਾ ਹੀ ਘਰ 'ਚ ਨਜ਼ਰਬੰਦ ਕਰ ਕੇ ਰੱਖਿਆ ਗਿਆ ਹੈ ।

## ਲੋਕਾਂ ਦੇ ਜਮਹੂਰੀ ਹੱਕਾਂ ਦੀ ਬਹਾਲੀ ...

ਨੂੰ ਛੱਡ ਕੇ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਨੇ ਤੁਹਾਡੇ (ਮੁੱਖ ਮੰਤਰੀ) ਵੱਲੋਂ ਸਰਬ ਪਾਰਟੀ ਦੇ ਵਫ਼ਦ ਨਾਲ ਪ੍ਰਧਾਨ ਮੰਤਰੀ ਨੂੰ ਮਿਲਣ ਸਬੰਧੀ ਕੀਤੇ ਗਏ ਫੈਸਲੇ ਦਾ ਸਮਰਥਨ ਕਰਦੇ ਹੋਏ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਸੀ । ਪਰ ਅੱਜ ਤੱਕ ਇਹ ਮੀਟਿੰਗ ਨਹੀਂ ਹੋ ਸਕੀ ।ਇਨ੍ਹਾਂ ਆਰਡੀਨੈਂਸਾਂ ਸਬੰਧੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਵਿੱਚ ਹੋ ਰਹੀ ਦੇਰੀ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰ ਦੇਵੇਗੀ ।

ਪੰਜਾਬ ਦੇ ਪਾਣੀਆਂ ਦਾ ਮਸਲਾ ਵੀ 23 ਜਨਵਰੀ 2020 ਨੂੰ ਹੋਈ ਸਰਬ ਪਾਰਟੀ ਮੀਟਿੰਗ ਵਿੱਚ ਵਿਚਾਰਿਆ ਗਿਆ ਸੀ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ ਸੀ, ਉਸ ਉੱਪਰ ਵੀ ਕੋਈ ਅਮਲ ਨਹੀਂ ਹੋਇਆ ।

ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਕਿਸਾਨਾਂ ਵਿਰੁੱਧ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਰਡੀਨੈਂਸਾਂ ਨੂੰ ਰੱਦ ਕਰਾਉਣ ਲਈ ਅਤੇ ਪੰਜਾਬ ਦੇ ਪਾਣੀਆਂ ਨਾਲ ਸਬੰਧਤ ਇਸ ਗੰਭੀਰ ਮਸਲੇ ਦੇ ਹੱਲ ਲਈ ਪ੍ਰਧਾਨ ਮੰਤਰੀ ਨਾਲ ਤੁਰੰਤ ਮੀਟਿੰਗ ਦਾ ਸਮਾਂ ਲੈ ਕੇ ਪੰਜਾਬ ਦੇ ਲੋਕਾਂ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਇਆ ਜਾਵੇ ।

# ਕਾਮਰੇਡ ਨੂਰਪੁਰੀ ਦਾ ਮੋਬਾਇਲ ਡਿੱਗਿਆ

**ਬੰਗਾ, 6 ਅਗਸਤ (ਰਾਜ ਭਟੋਆ) :** ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਦਾ ਮੋਬਾਇਲ ਅੱਜ ਸ਼ਾਮੀਂ ਰਾਸਤੇ 'ਚ ਮੋਟਰ ਸਾਇਕਲ 'ਤੇ ਜਾਂਦੇ ਵਕਤ ਕਿਧਰੇ ਡਿੱਗ ਪਿਆ । ਜਿਸ ਦਾ ਨੰਬਰ 98151-47318 ਸੀ। ਉਨ੍ਹਾਂ ਇਸ ਸਬੰਧੀ ਸਥਾਨਿਕ ਪੁਲਿਸ ਨੂੰ ਸੂਚਿਤ ਕਰ ਦਿੱਤਾ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਆਪਣੀ ਖੇਤ ਮਜ਼ਦੂਰ ਯੂਨੀਅਨ ਅਤੇ ਆਪਣੇ ਹੋਰ ਚਹੇਤਿਆਂ ਨੂੰ ਅਪੀਲ ਕੀਤੀ ਕਿ ਸਾਥੀ ਉਕਤ ਨੰਬਰ 'ਤੇ ਫੋਨ ਨਾ ਕਰਨ ਉਹ ਜਲਦ ਹੀ ਆਪਣੇ ਨਵੇਂ ਨੰਬਰ ਦੀ ਜਾਣਕਾਰੀ ਦੇਣਗੇ ।

# ਸੀਪੀਆਈ (ਐਮ) ਦੇ ਜ਼ਿਲ੍ਹਾ ਕਮੇਟੀ ਮੈਂਬਰ ਰਾਜਿੰਦਰ ਸਿੰਘ ਕਾਨੇਕੇ ਦੀ ਮਾਤਾ ਨਮਿੱਤ ਅੰਤਿਮ ਅਰਦਾਸ ਅੱਜ

**ਰਜਿੰਦਰ ਬਰਾੜ**

**ਬਰਨਾਲਾ, 6 ਅਗਸਤ :** ਮਾਤਾ ਸੁਰਜੀਤ ਕੌਰ (96) ਦਾ ਮਿਤੀ 30 ਜੁਲਾਈ ਨੂੰ ਦਿਹਾਂਤ ਹੋ ਗਿਆ ਸੀ। ਉਹ 96ਵੇਂ ਵਰ੍ਹਿਆਂ ਦੇ ਸਨ। ਉਹ ਅੰਤਿਮ ਸਵਾਸਾਂ ਤੱਕ ਤੁਰਦੇ ਫਿਰਦੇ ਰਹੇ। ਉਨ੍ਹਾਂ ਦਾ ਸੁਭਾਅ ਬਹੁਤ ਮਿੱਠਾ ਤੇ ਮਿਲਣਸਾਰ ਸੀ। ਮਰਨ ਤੋਂ ਦੋ ਦਿਨ ਪਹਿਲਾਂ ਪਿੰਡ ਵਿੱਚ ਉਹ ਕਾਫ਼ੀ ਲੋਕਾਂ



ਨੂੰ ਮਿਲੇ ਸਨ। ਉਹ ਆਪਣੇ ਪਿੱਛੇ ਚਾਰ ਪੁੱਤਰ, ਧੀਆਂ, ਪੋਤੇ, ਪੋਤੀਆਂ ਦਾ ਇੱਕ ਵੱਡਾ ਪਰਿਵਾਰ ਛੱਡ ਗਏ ਹਨ। ਪਿੰਡ ਵਿੱਚ ਉਨ੍ਹਾਂ ਦਾ ਬਹੁਤ ਸਤਿਕਾਰ ਸੀ ।ਉਨ੍ਹਾਂ ਨਮਿਤ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪਿੰਡ ਕਾਹਨੇਕੇ (ਬਰਨਾਲਾ) ਦੇ ਗੁਰਦੁਆਰਾ ਸਾਹਿਬ ਵਿਖੇ ਕੋਰੋਨਾ ਮਹਾਮਾਰੀ ਤੋਂ ਬਚਾਅ ਲਈ ਨਿਯਮਾਂ ਦੀ ਪਾਲਣਾ ਕਰਦੇ ਹੋਏ 7 ਅਗਸਤ ਨੂੰ ਸਵੇਰੇ 9 ਵਜੇ ਹੋਵੇਗੀ।

## 5 ਅਗਸਤ ਕਿ 15 ਅਗਸਤ
# ਆਉਣ ਵਾਲਾ ਸਮਾਂ ਦੇਸ਼ ਲਈ ਬਹੁਤ ਮਹੱਤਵਪੂਰਨ

ਦਹਾਕਿਆਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਸਰਗਰਮ ਰੱਖਣ ਵਾਲਾ ਇਸ ਦਾ ਵਾਅਦਾ, ਜਿਸ ਨੇ ਇਸ ਨੂੰ ਕੇਂਦਰ ਵਿਚ ਸੱਤਾ ਤੱਕ ਪਹੁੰਚਾਉਣ 'ਚ ਵੀ ਵੱਡੀ ਭੂਮਿਕਾ ਅਦਾ ਕੀਤੀ, ਆਖਰ ਬੀਤੇ ਬੁੱਧਵਾਰ, ਪੰਜ ਅਗਸਤ ਨੂੰ, ਪੂਰਾ ਕਰ ਲਿਆ ਗਿਆ ਜਦੋਂ ਖੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਯੁੱਧਿਆ 'ਚ ਰਾਮ ਮੰਦਿਰ ਦੀ ਉਸਾਰੀ ਸ਼ੁਰੂ ਕਰਨ ਹਿੱਤ ਨੀਂਹ ਪੱਥਰ ਰੱਖਿਆ ਅਤੇ ਦੇਸ਼ ਨੂੰ ਸੰਦੇਸ਼ ਵੀ ਦਿੱਤਾ। ਨੀਂਹ ਪੱਥਰ ਰੱਖਣ ਦਾ ਖੁੱਲ੍ਹ ਕੇ ਪ੍ਰਚਾਰਿਆ ਗਿਆ ਸਮਾਰੋਹ ਇਕ ਤਰ੍ਹਾਂ ਨਾਲ ਸਰਕਾਰੀ ਵਿਖਾਵਾ ਹੀ ਰਿਹਾ ਕਿਉਂਕਿ ਰਾਮ ਜਨਮ ਭੂਮੀ ਤੀਰਥ ਖੇਤਰ ਟਰਸਟ ਦੇ ਮੁਖੀ ਮਹੰਤ ਨਰਿਤਯਾ ਗੁਪਾਲ ਦਾਸ ਤੋਂ ਇਲਾਵਾ ਭੂਮੀ ਪੂਜਨ ਸਮੇਂ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਯਾਨਾਥ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਹਾਜ਼ਰ ਰਹੇ। ਰਾਮ ਮੰਦਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦਾ ਸਾਰਾ ਸਿਹਰਾ ਵੀ ਮੁੱਖ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਹੀ ਦਿੱਤਾ ਗਿਆ।

ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਿਰ, ਅਯੋਧਿਆ 'ਚ ਬਾਬਰੀ ਮਸਜਿਦ ਵਾਲੀ ਥਾਂ 'ਤੇ ਹੀ ਬਣਾਉਣ ਸਬੰਧੀ ਮਤਾ 1989 ਵਿਚ ਆਪਣੇ ਪਾਲਮਪੁਰ ਸਮਾਗਮ ਵਿਚ ਅਖਤਿਆਰ ਕੀਤਾ ਸੀ ਪਰ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਦੀ ਸ਼ਾਖਾ, ਵਿਸ਼ਵ ਹਿੰਦੂ ਪਰਿਸ਼ਦ, ਦੁਆਰਾ ਲਾਮਬੰਦੀ ਪਹਿਲਾਂ ਤੋਂ ਹੀ ਸ਼ੁਰੂ ਕਰ ਦਿੱਤੀ ਗਈ ਸੀ। ਠੀਕ ਤਦ ਤੋਂ ਵੀ ਪਹਿਲਾਂ ਜਦੋਂ 1986 ਵਿਚ ਫੈਜ਼ਾਬਾਦ ਦੇ ਸੈਸ਼ਨ ਜੱਜ ਕੇ. ਐਮ. ਪਾਂਡੇ ਨੇ ਰਾਮ ਜਨਮ ਭੂਮੀ ਦਾ ਤਾਲਾ ਖੁਲ੍ਹਵਾਉਣ ਦਾ ਹੁਕਮ ਜਾਰੀ ਕੀਤਾ ਸੀ। ਵਿਸ਼ਵ ਹਿੰਦੂ ਪਰਿਸ਼ਦ 1984 ਵਿਚ ਧਰਮ ਸੰਸਦ ਸੱਦ ਚੁੱਕੀ ਸੀ।

ਮਤਾ ਅਖਤਿਆਰ ਕਰਨ ਤੋਂ ਇਕ ਸਾਲ ਬਾਅਦ ਲਾਲ ਕ੍ਰਿਸ਼ਨ ਅਡਵਾਨੀ ਨੇ ਰੱਥ ਯਾਤਰਾ ਸ਼ੁਰੂ ਕੀਤੀ ਜੋ ਫਿਰਕੂ ਲੀਹਾਂ 'ਤੇ ਭਾਰਤੀਆਂ ਨੂੰ ਵੰਡਦੀ ਗਈ। 1989 ਵਿਚ ਹੀ ਰਾਮ ਮੰਦਿਰ ਲਈ ਭੂਮੀ ਪੂਜਨ ਵੀ ਹੋ ਗਿਆ ਸੀ ਅਤੇ ਨੀਂਹ ਪੱਥਰ ਵੀ ਰੱਖਿਆ ਗਿਆ ਸੀ ਜੋ ਹੁਣ ਵਾਲੇ ਨੀਂਹ ਪੱਥਰ ਤੋਂ ਕੁਝ ਦੂਰੀ 'ਤੇ ਹੈ। ਪਰ ਤਦ, ਜਿਵੇਂ ਕਿ ਅਟਲ ਬਿਹਾਰੀ ਵਾਜਪਾਈ ਨੇ ਐਨਡੀਏ-1 ਦੀ ਸਰਕਾਰ ਚਲਾਉਂਦਿਆਂ ਕਿਹਾ ਸੀ, ਭਾਰਤੀ ਜਨਤਾ ਪਾਰਟੀ ਕੋਲ ਸੰਸਦ ਵਿਚ ਬਹੁ ਗਿਣਤੀ ਨਹੀਂ ਸੀ। ਨਰੇਂਦਰ ਮੋਦੀ ਬਹੁ ਗਿਣਤੀ ਲੈ ਕੇ ਪ੍ਰਧਾਨ ਮੰਤਰੀ ਬਣੇ ਤੇ ਉਨ੍ਹਾਂ ਭਾਰਤੀ ਜਨਤਾ ਪਾਰਟੀ ਦੇ ਰਾਮ ਮੰਦਿਰ ਉਸਾਰਨ ਦੇ ਸੁਪਨੇ ਨੂੰ ਪੂਰਾ ਕਰ ਦਿੱਤਾ। ਠੀਕ ਇਕ ਸਾਲ ਪਹਿਲਾਂ 5 ਅਗਸਤ ਨੂੰ ਹੀ ਜੰਮੂ ਕਸ਼ਮੀਰ ਦਾ ਰਾਜ ਦਾ ਰੁਤਬਾ ਖ਼ਤਮ ਕੀਤਾ ਗਿਆ ਸੀ ਜਿਸ ਲਈ ਧਾਰਾ 370 ਖਤਮ ਕੀਤੀ ਗਈ। ਭਾਰਤੀ ਜਨਤਾ ਪਾਰਟੀ ਇਸ ਤਰ੍ਹਾਂ ਆਪਣੇ ਤਿੰਨ ਵੱਡੇ ਵਾਅਦਿਆਂ ਵਿੱਚੋਂ ਦੋ ਪੂਰੇ ਕਰ ਚੁੱਕੀ ਹੈ।

ਪਰ ਰਾਮ ਮੰਦਿਰ ਦੀ ਉਸਾਰੀ ਲਈ ਨੀਂਹ ਰੱਖ ਦੇਣ ਅਤੇ ਲਗਭਗ ਤਮਾਮ ਵਿਰੋਧੀ ਪਾਰਟੀਆਂ ਵੱਲੋਂ ਸ੍ਰੀ ਰਾਮ ਲਈ ਸ਼ਰਧਾ ਪ੍ਰਗਟਾਉਣ ਬਾਅਦ ਸ਼ੁਰੂ ਹੋਣ ਵਾਲਾ ਸਮਾਂ ਸੰਭਾਵਨਾਵਾਂ ਨਾਲ ਭਰਪੂਰ ਹੈ। ਪ੍ਰਧਾਨ ਮੰਤਰੀ ਨੇ 5 ਅਗਸਤ ਦੇ ਦਿਨ ਨੂੰ ਆਜ਼ਾਦੀ ਦੇ ਦਿਨ 15 ਅਗਸਤ ਦੇ ਦਿਨ ਬਰਾਬਰ ਰੱਖਿਆ ਹੈ ਜਿਨ੍ਹਾਂ ਲਈ ਕੁਰਬਾਨੀਆਂ ਦੇਣੀਆਂ ਪਈਆਂ ਹਨ। ਹੁਣ ਦੇਸ਼ ਲਈ 5 ਅਗਸਤ ਦੀ ਮਹੱਤਤਾ ਵਧਾਈ ਜਾਣੀ ਹੈ ਕਿ 15 ਅਗਸਤ ਨੇ ਮੁੱਖ ਰਹਿਣਾ ਹੈ, ਇਹ ਆਗਾਮੀ ਦਿਨਾ 'ਚ ਤੈਅ ਹੋ ਜਾਣਾ ਹੈ। ਅੱਜ ਵੱਡਾ ਨਿਸ਼ਾਨਾ ਪ੍ਰਾਪਤ ਕਰ ਲੈਣ ਬਾਅਦ ਦੀ ਤਸੱਲੀ ਭਾਰੀ ਹੈ। ਪਰ ਜੋ ਖਾਮੋਸ਼ੀ ਹੈ, ਉਹ ਕਾਫ਼ੀ ਭਾਰੀ ਹੈ। ਕਟੜ ਹਿੰਦੂਤਵੀ ਤਾਕਤਾਂ ਇਸ ਪ੍ਰਾਪਤੀ ਨੂੰ ਹੋਰ ਵਿਸਥਾਰਨਾ ਅਤੇ ਅਗਾਂਹ ਲੈ ਜਾਣਾ ਚਾਹੁੰਣਗੀਆਂ। ਪਰ ਇਕ ਵਿਰੋਧੀ ਸੰਭਾਵਨਾ ਵੀ ਹੈ। ਹੋ ਸਕਦਾ ਹੈ ਕਿ ਹਿੰਦੂ ਧਰਮ ਨੂੰ ਮੰਨਣ ਵਾਲੇ ਆਮ ਭਾਰਤੀ ਹੁਣ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਅਗਲੇਰੇ ਏਜੰਡੇ ਨੂੰ ਪਹਿਲਾਂ ਵਾਲਾ ਸਮਰਥਨ ਨਾ ਦੇਣ। ਰਾਮ ਮੰਦਿਰ ਦੀ ਉਸਾਰੀ ਦਾ ਸ਼ੁਰੂ ਹੋਣਾ, ਭਾਰਤੀ ਜਨਤਾ ਪਾਰਟੀ ਦੀ ਚਰਮ ਸੀਮਾ ਵੀ ਸਾਬਤ ਹੋ ਸਕਦਾ ਹੈ। ਪਰ ਇਕ ਗੱਲ ਪੱਕੀ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਆਪਣਾ ਏਜੰਡਾ ਅਗਾਂਹ ਵਧਾਉਣ ਵਾਲਾ ਹੈ। ਰਾਮ ਮੰਦਿਰ ਦੀ ਉਸਾਰੀ ਤਾਂ ਉਸ ਲਈ ਇਕ ਪੜਾਅ ਮਾਤਰ ਹੈ। ਇਸੇ ਲਈ ਮੋਹਨ ਭਾਗਵਤ ਨੇ ਰਾਮ ਮੰਦਿਰ ਦੀ ਉਸਾਰੀ ਦੇ ਸ਼ੁਰੂ ਹੋਣ ਨੂੰ 'ਨਵੇਂ ਭਾਰਤ ਦੇ ਨਿਰਮਾਣ ਦਾ ਸ਼ੁੱਭ ਆਰੰਭ' ਕਿਹਾ ਹੈ। ਸੋ ਆਉਣ ਵਾਲੇ ਸਮੇਂ ਵਿਚ ਨਵੇਂ ਭਾਰਤ ਦਾ ਨਿਰਮਾਣ ਹੋਣਾ ਹੈ। ਇਸ ਲਈ ਦੇਸ਼ ਵਾਸਤੇ ਅਗਲਾ ਸਮਾਂ ਬਹੁਤ ਮਹੱਤਵਪੂਰਨ ਹੋਣ ਵਾਲਾ ਹੈ।

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਅਜੋਕੇ ਸਿਆਸੀ ਸੰਦਰਭ ਵਿਚ ਯਾਦ ਕਰਦਿਆਂ...

**ਮਾ. ਭਗਤ ਰਾਮ ਸਾਬਕਾ ਐਮਪੀ**

ਮਹਾਨ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੋਰਾਂ ਨੂੰ ਸਾਡੇ ਤੋਂ ਸਦਾ ਲਈ ਵਿੱਛੜਿਆਂ ਬਾਰਾਂ ਸਾਲ ਹੋ ਗਏ ਹਨ। ਉਹਨਾਂ ਦੀ ਘਾਟ ਅੱਜ ਹੋਰ ਵੀ ਵਧੇਰੇ ਮਹਿਸੂਸ ਹੋ ਰਹੀ ਹੈ। ਉਹਨਾਂ ਨੇ ਆਪਣੀ 92 ਸਾਲਾਂ ਦੀ ਜ਼ਿੰਦਗੀ ਵਿਚੋਂ 75 ਸਾਲ ਤੋਂ ਵੱਧ ਸਮਾਂ ਸਰਗਰਮ ਸਿਆਸਤ ਵਿੱਚ ਦੇਸ਼ ਤੇ ਲੋਕਾਂ ਦੀ ਸੇਵਾ ਵਿੱਚ ਲਾਇਆ। ਜੀਵਨ ਦਾ ਪਹਿਲਾ ਹਿੱਸਾ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਦੇ ਸੰਗਰਾਮ ਲਈ ਅਰਪਿਤ ਕੀਤਾ। ਬਾਕੀ ਰਹਿੰਦਾ ਸਾਰਾ ਜੀਵਨ ਅੰਤਿਮ ਸਾਹਾਂ ਤੱਕ ਦੇਸ਼ ਦੀ ਆਰਥਿਕ ਤੇ ਸਮਾਜਿਕ ਆਜ਼ਾਦੀ ਅਤੇ ਏਕਤਾ ਅਖੰਡਤਾ ਦੀ ਰਾਖੀ ਦੇ ਘੋਲ ਦੇ ਲੇਖੇ ਲਾ ਦਿੱਤਾ।

ਉਹ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਹਾਨ ਕਮਿਊਨਿਸਟ ਆਗੂ ਸਨ। ਉਹਨਾਂ ਨੂੰ ਪਾਰਟੀ ਤੋਂ ਬਾਹਰਲੇ ਉਨ੍ਹਾਂ ਦੇ ਪ੍ਰਸ਼ੰਸਕ ਸਿਆਸਤ ਦਾ ਬਾਬਾ ਬੋਹੜ, ਸਿਆਸਤ ਦਾ ਰੁਸਤਮੇ ਹਿੰਦ, ਸਿਆਸਤ ਦਾ ਚਾਣਕਿਆ, ਕਿੰਗ ਮੇਕਰ ਆਦਿ ਵਿਸ਼ੇਸ਼ਣਾਂ ਨਾਲ ਸਤਿਕਾਰ ਸਹਿਤ ਯਾਦ ਕਰਦੇ ਹਨ।

ਦੇਸ਼ ਵਿਚ ਕਮਿਊਨਿਸਟ ਲਹਿਰ ਉਸਾਰਨ ਵਾਲੀਆਂ ਪ੍ਰਮੁਖ ਹਸਤੀਆਂ ਵਿੱਚੋਂ ਉਹਨਾਂ ਦਾ ਇੱਕ ਵਿਸ਼ੇਸ਼ ਥਾਂ ਹੈ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਨਕਲਾਬ ਦੇ ਲੇਖੇ ਲਾ ਦਿੱਤੀ। ਛੋਟੀ ਉਮਰ ਤੋਂ ਹੀ ਇਨਕਲਾਬੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਏ ਸਨ। ਉਹਨਾਂ ਕੇਵਲ 16 ਸਾਲ ਦੀ ਉਮਰ ਵਿੱਚ ਹੀ ਗੋਲੀਆਂ ਦੀ ਬੌਛਾੜ ਹੇਠ ਡੀਸੀ ਦਫਤਰ ਹੁਸ਼ਿਆਰਪੁਰ ਤੋਂ ਅੰਗਰੇਜਾਂ ਦਾ ਯੂਨੀਅਨ ਜੈਕ ਦਾ ਝੰਡਾ ਉਤਾਰ ਕੇ ਭਾਰਤ ਦਾ ਤਰੰਗਾ ਝੰਡਾ ਲਹਿਰਾ ਕੇ ਇਨਕਲਾਬੀ ਜੀਵਨ ਦੀ ਸ਼ੁਰੂਆਤ ਕੀਤੀ। ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਦਸ ਸਾਲ ਜੇਲ੍ਹ ਵਿਚ ਬੰਦ ਰਹੇ। ਇਹਨਾਂ ਵਿੱਚੋਂ ਅੱਠ ਸਾਲ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿੱਚ ਅਤੇ ਦੋ ਸਾਲ ਆਜ਼ਾਦ ਭਾਰਤ ਸਰਕਾਰ ਦੀਆਂ ਜੇਲ੍ਹਾਂ ਵਿੱਚ ਬੰਦ ਰਹੇ। ਉਹਨਾਂ ਨੂੰ ਅੱਠ ਸਾਲ ਅੰਡਰਗਰਾਊਂਡ ਰਹਿ ਕੇ ਪਾਰਟੀ ਦਾ ਕੰਮ ਕਰਨਾ ਪਿਆ। ਇਸ ਲਈ ਉਹਨਾਂ ਨੂੰ ਦਸਵੀਂ ਜਮਾਤ ਤੋਂ ਬਾਅਦ ਕਾਲਿਜ ਜਾਂ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਉਹ ਕਮਿਊਨਿਸਟ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਿੱਚ ਬਹੁਤਿਆ ਤੇ ਘੱਟ ਅਕਾਦਮਿਕ ਜਮਾਤਾਂ ਪੜ੍ਹੇ ਹੋਏ ਸਨ। ਪਰ ਕਮਾਲ ਦੀ ਗੱਲ ਇਹ ਹੈ ਕਿ ਉਹ ਮਾਰਕਸਵਾਦ ਦੇ ਅਧਿਅਨ ਅਤੇ ਇਸ ਨੂੰ ਹਕੀਕਤਾਂ 'ਤੇ ਲਾਗੂ ਕਰਨ ਵਿਚ ਖਾਸ ਮੁਹਾਰਤ ਰੱਖਦੇ ਸਨ। ਘੱਟ ਜਮਾਤਾਂ ਉਹਨਾਂ ਦੇ ਅੰਗਰੇਜ਼ੀ ਹਿੰਦੀ ਬੋਲਣ ਤੋਂ ਲਿਖਣ ਦੇ ਸਿਆਸੀ ਕੰਮ ਵਿਚ ਕਦੇ ਰੁਕਾਵਟ ਨਹੀਂ ਬਣੀਆਂ। ਅਸਲ ਵਿੱਚ ਉਹਨਾਂ ਦੀ ਪ੍ਰਪੱਕ ਸਿਖਿਆ ਲੰਮੀਆਂ ਜੇਹਲਾਂ ਤੇ ਸੰਗਰਾਮਾਂ ਦੇ ਪਿੜ ਦੇ ਅਮਲ ਦੀ ਦੇਣ ਸੀ।

ਦੇਸ਼ ਦੀ ਵੰਡ ਦੀ ਤ੍ਰਾਸਦੀ ਵੇਲੇ 1947 ਵਿਚ ਉਹ ਪੰਜਾਬ ਦੇ ਸੂਬਾ ਸਕੱਤਰ ਸਨ। ਉਹਨਾਂ ਦੀ ਅਗਵਾਈ ਵਿਚ ਪਾਰਟੀ ਨੇ ਫਿਰਕੂ ਸਦਭਾਵਨਾ ਅਤੇ ਮੁਸਲਮਾਨਾਂ ਦੀ ਰਾਖੀ ਲਈ ਆਪਣੀਆਂ ਜਾਨਾਂ ਜ਼ੋਖਮ ਵਿੱਚ ਪਾਕੇ ਅਣਥੱਕ ਯਤਨ ਕੀਤੇ। ਉਹ ਆਲ ਇੰਡੀਆ ਕਿਸਾਨ ਸਭਾ ਦੀ ਸਥਾਪਨਾ ਕਰਨ ਵਾਲੇ ਮੋਢੀਆਂ ਵਿਚੋਂ ਸਨ ਅਤੇ ਲੰਮਾ ਸਮਾਂ ਇਸ ਦੇ ਜਨਰਲ ਸਕੱਤਰ ਤੇ ਪ੍ਰਧਾਨ ਦੇ ਫ਼ਰਜ਼ ਨਿਭਾਉਂਦੇ ਰਹੇ। 1954 ਵਿਚ ਸੀਪੀਆਈ ਦੀ ਤੀਜੀ ਕਾਂਗਰਸ ਵਿਚ ਕੇਂਦਰੀ ਕਮੇਟੀ ਅਤੇ ਪੋਲਿਟ ਬਿਊਰੋ ਦੇ ਮੈਂਬਰ ਚੁਣੇ ਗਏ।

ਪਾਰਟੀ ਵਿਚ ਲੰਮੇ ਵਿਚਾਰਧਾਰਕ ਸੰਘਰਸ਼ ਤੋਂ ਬਾਅਦ 1964 ਵਿਚ ਸੀਪੀਆਈ (ਐਮ) ਦੀ ਸਥਾਪਨਾ ਕਰਨ ਵਾਲੇ 32 ਕੇਂਦਰੀ ਕਮੇਟੀ ਮੈਂਬਰਾਂ ਵਿਚੋਂ ਉਹ ਇਕ ਸਨ। ਇਸੇ ਸਾਲ ਹੋਈ ਪਾਰਟੀ ਦੀ ਸਤਵੀਂ ਕਾਂਗਰਸ ਵਿਚ ਪੋਲਿਟ ਬਿਊਰੋ ਮੈਂਬਰ ਚੁਣੇ ਗਏ ਅਤੇ ਲਗਾਤਾਰ 2008 ਤੱਕ ਇਸ ਅਹੁਦੇ 'ਤੇ ਰਹੇ। ਉਹ 1992 ਵਿਚ ਹੋਈ ਪਾਰਟੀ ਦੀ ਚੌਹਦਵੀਂ ਕਾਂਗਰਸ ਵਿਚ ਜਨਰਲ ਸਕੱਤਰ ਚੁਣੇ ਗਏ ਅਤੇ ਲਗਾਤਾਰ 2005 ਤੱਕ 13 ਸਾਲ ਇਸ ਮਾਣਮੱਤੇ ਅਹੁਦੇ 'ਤੇ ਪਾਰਟੀ ਦੀ ਅਗਵਾਈ ਕਰਦੇ ਰਹੇ। ਉਹਨਾਂ ਦੇ ਕਾਰਜਕਾਲ ਦੇ ਅਖੀਰ ਤਕ ਪੱਛਮੀ ਬੰਗਾਲ, ਕੇਰਲਾ ਤੇ ਤ੍ਰਿਪੁਰਾ ਦੀਆਂ ਤਿੰਨ ਸੂਬਿਆਂ ਵਿਚ ਪਾਰਟੀ ਦੀ ਅਗਵਾਈ ਵਿਚ ਸਰਕਾਰਾਂ ਬੜੀ ਕਾਮਯਾਬੀ ਨਾਲ ਚੱਲ ਰਹੀਆਂ ਸਨ।

ਲੋਕ ਸਭਾ ਵਿੱਚ 43 ਐਮਪੀ ਚੁਣ ਕੇ ਆਏ ਸਨ ਜੋ ਪਾਰਟੀ ਦੀ ਤਦ ਤਕ ਦੀ ਸਭ ਤੋਂ ਵੱਡੀ ਗਿਣਤੀ ਸੀ। ਸੀਪੀਆਈ ਦੇ 10 ਮੈਂਬਰਾਂ ਸਮੇਤ ਖੱਬੇ ਫਰੰਟ ਦਾ 61 ਮੈਂਬਰਾਂ ਦਾ ਲੋਕ ਸਭਾ ਵਿੱਚ ਖੱਬੀਆਂ ਪਾਰਟੀਆਂ ਦਾ ਤਦ ਤਕ ਦਾ ਵੱਡਾ ਗਰੁੱਪ ਸੀ।

ਉਹਨਾਂ ਨੇ ਪੰਜਾਬ ਵਿਧਾਨ ਸਭਾ ਅਤੇ ਰਾਜ ਸਭਾ ਦੇ ਮੈਂਬਰ ਹੁੰਦੇ ਹੋਏ ਆਪਣੇ ਲਾਮਿਸਾਲ ਕੰਮ ਢੰਗ ਨਾਲ ਪਾਰਲੀਮਾਨੀ ਸੰਸਥਾਵਾਂ ਵਿੱਚ ਕਮਿਊਨਿਸਟਾਂ ਦੇ ਕੰਮ ਕਰਨ ਲਈ ਆਦਰਸ਼ ਮਿਸਾਲ ਪੇਸ਼ ਕੀਤੀ। ਉਹਨਾਂ ਪਾਰਟੀ ਦੀ ਲਾਈਨ ਮੁਤਾਬਕ ਦੇਸ਼ ਅਤੇ ਸੂਬਿਆਂ ਦੀ ਸਿਆਸਤ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਦੇਸ਼ ਦੇ ਨਾਲ ਨਾਲ ਪੰਜਾਬ ਦੀ ਸਿਆਸਤ ਵਿੱਚ ਹਰ ਮੋੜ 'ਤੇ ਉਹਨਾਂ ਵਲੋਂ ਪਾਇਆ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ। ਸਿਆਸਤ ਵਿੱਚ ਉਨ੍ਹਾਂ ਦਾ ਦਖ਼ਲ ਹਮੇਸ਼ਾ ਸਾਮਰਾਜਵਾਦ, ਵੱਡੀ ਸਰਮਾਏਦਾਰੀ, ਜਗੀਰਦਾਰੀ ਜਮਾਤਾਂ ਅਤੇ ਫਿਰਕੂ, ਅੱਤਵਾਦੀ ਤੇ



ਰਿਹਾ। ਉਹ ਜਮਹੂਰੀ ਤੇ ਧਰਮਨਿਰਪੱਖ ਸ਼ਕਤੀਆਂ ਨੂੰ ਸਰਕਾਰ ਵਿਚ ਅੱਗੇ ਲਿਆਉਣ ਲਈ ਲਾਮਬੰਦੀ ਕਰਦੇ ਰਹੇ ਤਾਂਕਿ ਮਜ਼ਦੂਰ ਕਿਸਾਨ ਲਹਿਰ ਨੂੰ ਦੇਸ਼ ਵਿਚ ਸ਼ਕਤੀਸ਼ਾਲੀ ਕੀਤਾ ਜਾ ਸਕੇ।

1952 ਵਿਚ ਪੈਪਸੂ ਦੀ ਪਹਿਲੀ ਗੈਰ ਕਾਂਗਰਸੀ UDF ਸਰਕਾਰ ਪਾਰਟੀ ਦੀ ਹਿਮਾਇਤ ਨਾਲ ਬਣਾਉਣ ਵਿੱਚ ਉਹਨਾਂ ਨੇ ਵਡਮੁੱਲਾ ਯੋਗਦਾਨ ਪਾਇਆ। ਇਤਿਹਾਸਕ ਮੁਜ਼ਾਰਾ ਲਹਿਰ ਦੀ ਜ਼ਮੀਨ ਮਾਲਕੀ ਦੀ ਮੰਗ ਪ੍ਰਵਾਨ ਕਰਕੇ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕੀਤਾ ਗਿਆ।

ਉਹਨਾਂ ਪੰਜਾਬੀ ਸੂਬੇ ਦੇ ਅੰਦੋਲਨ ਨੂੰ ਦਰਪੇਸ਼ ਦੋਹਰੇ ਫਿਰਕੂਵਾਦ ਦਾ ਮੁਕਾਬਲਾ ਕਰਦੇ ਹੋਏ ਪੰਜਾਬੀ ਬੋਲੀ ਦੀ ਜਮਹੂਰੀ ਮੰਗ 'ਤੇ ਕੇਂਦਰਿਤ ਕਰਨ ਵਿਚ ਉਘਾ ਰੋਲ ਅਦਾ ਕੀਤਾ। ਪਹਿਲੀ ਨਵੰਬਰ 1966 ਨੂੰ ਕੁਝ ਘਾਟਾਂ ਸਹਿਤ ਮੌਜੂਦਾ ਪੰਜਾਬ ਹੋਂਦ ਵਿਚ ਆਇਆ।

1959 ਵਿਚ ਉਹਨਾਂ ਦੀ ਅਗਵਾਈ ਵਿਚ ਪੰਜਾਬ ਕਿਸਾਨ ਸਭਾ ਨੇ ਖੁਸ਼ਹੈਸੀਅਤੀ ਟੈਕਸ ਵਿਰੁੱਧ ਇਤਿਹਾਸਕ ਮੋਰਚਾ ਲੜਿਆ ਅਤੇ ਮਹਾਨ ਜਿੱਤ ਪ੍ਰਾਪਤ ਕੀਤੀ।

ਇਹਨਾਂ ਘੋਲਾਂ ਦੇ ਨਤੀਜੇ ਵਜੋਂ ਪੰਜਾਬ ਵਿੱਚ ਕਾਂਗਰਸ ਵਿਰੋਧੀ ਜਮਹੂਰੀ ਲਹਿਰ ਮਜ਼ਬੂਤ ਹੋਈ। 1967 ਤੇ 1969 ਦੇ ਇਲੈਕਸ਼ਨ ਵਿਚ ਪੰਜਾਬ ਵਿੱਚ ਸ਼ਾਂਝੇ ਫਰੰਟ ਦੀ ਸਰਕਾਰ ਬਣਾਉਣ ਅਤੇ ਉਸ ਨੂੰ ਚਲਾਉਣ ਵਿੱਚ ਉਹਨਾਂ ਨੇ ਆਪਣਾ ਅਹਿਮ ਯੋਗਦਾਨ ਪਾਇਆ।

80ਵੇਂ ਅਤੇ 90ਵੇਂ ਦਹਾਕਿਆਂ ਦੌਰਾਨ 12 ਸਾਲ ਚੱਲੀ ਸਾਮਰਾਜੀ ਸ਼ਹਿ ਪ੍ਰਾਪਤ ਲਹਿਰ ਦੇਸ਼ ਦੀ ਏਕਤਾ, ਅਖੰਡਤਾ, ਭਾਈਚਾਰਕ ਸਾਂਝ ਅਤੇ ਲੋਕਤੰਤਰ ਲਈ ਸਭ ਤੋਂ ਵੱਡੀ ਖ਼ਤਰਨਾਕ ਚੁਣੌਤੀ ਸੀ। ਇਸ ਦੌਰਾਨ ਪੰਜਾਬ, ਦਿੱਲੀ ਤੋਂ ਹੋਰ ਕੁਝ ਸੂਬਿਆਂ ਵਿਚ ਹਜ਼ਾਰਾਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਗਈਆਂ। ਕਾਮਰੇਡ ਸੁਰਜੀਤ ਹੋਰਾਂ ਨੇ ਇਸ ਖਾਲਿਸਤਾਨੀ ਦਹਿਸ਼ਤਗਰਦੀ ਦੇ ਮੁਕਾਬਲੇ ਲਈ ਸਾਰੀਆਂ ਪਾਰਟੀਆਂ ਤੇ ਸਾਰੇ ਅਮਨਪਸੰਦ ਲੋਕਾਂ ਨੂੰ ਇਕਮੁਠ ਹੋ ਕੇ ਲੜਨ ਲਈ ਸਾਂਝੇ ਪਲੇਟਫਾਰਮ 'ਤੇ ਲਿਆਉਣ ਲਈ ਆਪਣਾ ਸਾਰਾ ਤਾਣ ਲਾ ਦਿੱਤਾ। ਇਸ ਦੇ ਨਾਲ ਹੀ ਲੋਕਾਂ ਦੀ ਜਾਨ ਮਾਲ ਤੇ ਇੱਜ਼ਤਾਂ ਦੀ ਰਾਖੀ ਲਈ ਸਰਕਾਰੀ ਮਸ਼ੀਨਰੀ ਚੁਸਤ ਦਰੁਸਤ ਕਰਨ ਅਤੇ ਇਸ ਸਮੱਸਿਆ ਦਾ ਸਿਆਸੀ ਹੱਲ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਲਈ ਲਾਮਬੰਦੀ ਕਰਦੇ ਰਹੇ। ਇਸ ਦੇਸ਼ਭਗਤਕ ਸੰਘਰਸ਼ ਵਿਚ ਖੱਬੀਆਂ ਪਾਰਟੀਆਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਖੱਬੀਆਂ ਤੇ ਜਮਹੂਰੀ ਪਾਰਟੀਆਂ ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ। ਦਹਿਸ਼ਤਗਰਦੀ 'ਤੇ ਜਿੱਤ ਪ੍ਰਾਪਤ ਕਰਨ ਦਾ ਸਿਹਰਾ ਆਮ ਤੌਰ 'ਤੇ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਡੀਜੀਪੀ ਕੇਪੀਐਸ ਗਿੱਲ ਨੂੰ ਦਿੱਤਾ ਜਾਂਦਾ ਹੈ। ਇਹ ਜਿੱਤ ਹੋਣੀ ਅਸੰਭਵ ਸੀ ਜੇ ਕੁਝ ਹੋਰਨਾਂ ਫੈਕਟਰਾਂ ਦੇ ਨਾਲ ਨਾਲ ਖੱਬੀਆਂ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੇ ਸ਼ਹੀਦੀਆਂ ਪ੍ਰਾਪਤ ਕਰਦੇ ਹੋਏ ਲਗਾਤਾਰ ਕੰਪੇਨ ਕਰਕੇ ਲੋਕਾਂ ਦੇ ਹੌਸਲੇ ਬੁਲੰਦ ਨਾ ਰੱਖੇ ਹੁੰਦੇ।

ਬੀਜੇਪੀ ਅਤੇ ਆਰ ਆਰ ਐਸ ਪਰਿਵਾਰ ਦੇ ਹਿੰਦੂਤਵੀ ਲੀਡਰਾਂ ਦੀ ਅਗਵਾਈ ਵਿਚ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣ, ਬੰਬਈ ਦੇ ਫਿਰਕੂ ਦੰਗੇ ਅਤੇ 2002 ਦੇ ਗੁਜਰਾਤ ਦੇ ਸਰਕਾਰੀ ਸ਼ਹਿ ਪ੍ਰਾਪਤ ਮੁਸਲਮਾਨ ਵਿਰੋਧੀ ਦੰਗਿਆਂ ਵਿੱਚ ਹਜ਼ਾਰਾਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਗਈਆਂ। ਇਸ ਦੌਰਾਨ ਘਟਗਿਣਤੀਆਂ ਵਿਰੁਧ ਧਰੁਵੀਕਰਨ ਦੇ ਖਿਲਾਫ਼ ਅਤੇ ਫਿਰਕੂ ਸਦਭਾਵਨਾ ਦੇ ਹੱਕ ਵਿੱਚ ਉਹਨਾਂ ਲਗਾਤਾਰ ਧਰਮ ਨਿਰਪੱਖ ਸ਼ਕਤੀਆਂ ਦੀ ਲਾਮਬੰਦੀ ਜਾਰੀ ਰੱਖੀ।

ਕੇਂਦਰੀ ਸਿਆਸਤ ਵਿੱਚ ਉਹਨਾਂ ਨੇ ਪਾਰਟੀ ਦੀ ਲਾਈਨ ਅਨੁਸਾਰ ਸਮੇਂ-ਸਮੇਂ ਹਾਕਮ ਪਾਰਟੀ ਵਿਰੁੱਧ ਚੋਣਾਂ ਵਿੱਚ ਗਠਜੋੜ ਕਰਨ, ਸਰਕਾਰਾਂ ਬਣਾਉਣ ਅਤੇ ਚਲਾਉਣ ਵਿੱਚ ਅਹਿਮ ਭੂਮਿਕਾ ਨਿਭਾਈ। 1989 ਵਿਚ ਵਿਸ਼ਵ ਨਾਥ ਪਰਤਾਪ ਸਿੰਘ, 1996 ਵਿਚ ਦੇਵੇਗੌੜਾ, 1998 ਵਿਚ ਇੰਦਰ ਕੁਮਾਰ ਗੁਜਰਾਲ ਅਤੇ 2004 ਵਿਚ ਮਨਮੋਹਨ ਸਿੰਘ ਦੀਆਂ ਸਰਕਾਰਾਂ ਗਠਨ ਕਰਨ ਵਿਚ ਉਘਾ ਰੋਲ ਅਦਾ ਕੀਤਾ। ਇਸ ਦੌਰਾਨ ਫਿਰਕੂ ਬੀਜੇਪੀ ਨੂੰ ਸੱਤਾ ਤੋਂ ਬਾਹਰ ਰੱਖਣ ਦਾ ਯਤਨ ਕਰਦੇ ਰਹੇ ਅਤੇ ਇਸ ਵਿੱਚ ਉਹਨਾਂ ਕਾਮਯਾਬੀ ਵੀ ਹਾਸਲ ਕੀਤੀ। ਯੂਪੀਏ -1 ਦੇ ਕਾਰਜਕਾਲ ਦੌਰਾਨ ਘਟੋ ਘੱਟ ਸਾਂਝਾ ਪ੍ਰੋਗ੍ਰਾਮ ਉਲੀਕਿਆ ਤੇ ਉਸ ਤਹਿਤ ਮਨਰੇਗਾ,ਆਰਟੀਆਈ ਆਦਿ ਇਤਿਹਾਸਕ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਮੁਖ ਭੂਮਿਕਾ ਅਦਾ ਕੀਤੀ। ਉਹ ਸਾਰੀ ਉਮਰ ਪਾਰਲੀਮਾਨੀ ਅਤੇ ਗੈਰ ਪਾਰਲੀਮਾਨੀ ਸੰਘਰਸ਼ ਨੂੰ ਜੋੜ ਕੇ ਚਲਾਉਣ ਦੇ ਸਿਧਾਂਤ ਤੇ ਅਡਿੱਗ ਰਹੇ।

ਜਿਨ੍ਹਾਂ ਫਿਰਕੂ ਸ਼ਕਤੀਆਂ ਵਿਰੁੱਧ ਉਹ ਸਾਰੀ ਉਮਰ ਸਿਆਸੀ ਲਾਮਬੰਦੀ ਕਰਦੇ ਰਹੇ ਉਹ ਕੇਂਦਰ ਸਰਕਾਰ ਅਤੇ ਬਹੁਤੇ ਸੂਬਿਆਂ ਦੀਆਂ ਸਰਕਾਰਾਂ ਤੇ ਕਾਬਜ਼ ਹਨ। ਮੋਦੀ ਸਰਕਾਰ ਦੀ ਸਾਰੀ ਸਿਆਸਤ ਬੀਜੇਪੀ ਅਤੇ ਆਰ ਆਰ ਐਸ ਦੇ ਹਿੰਦੂਤਵੀ ਏਜੰਡੇ ਤੇ ਕੇਂਦਰਿਤ ਹੈ। ਇਸ ਨਾਲ ਦੇਸ਼ ਦੀ ਬਹੁਗਿਣਤੀ ਅਤੇ ਘੱਟ ਗਿਣਤੀਆਂ ਵਿਚਕਾਰ ਫਿਰਕੂ ਪਾੜਾ ਵਧਿਆ ਹੈ। ਫਿਰਕੂ ਧਰੁਵੀਕਰਨ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੋਦੀ ਸਰਕਾਰ 2 ਬਨਣ ਤੋਂ ਬਾਅਦ ਤਾਂ ਇਸ ਫਿਰਕੂ ਧਰੁਵੀਕਰਨ ਦੇ ਏਜੰਡੇ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਜੰਮੂ ਕਸ਼ਮੀਰ ਦੇ ਸਪੈਸ਼ਲ ਸਟੇਟਸ ਨੂੰ ਖਤਮ ਕਰਨ ਬਾਰੇ ਸੰਵਿਧਾਨ ਦੀ ਧਾਰਾ 370 ਅਤੇ 35ਏ ਦੀ ਸੋਧ ਕਰਕੇ ਉਸ ਦਾ ਸੂਬੇ ਦਾ ਦਰਜਾ ਰੱਦ ਕਰਕੇ ਦੋ ਕੇਂਦਰ ਸ਼ਾਸਿਤ ਰਾਜਾਂ ਵਿੱਚ ਬਦਲ ਦਿੱਤਾ ਹੈ। ਮੁਸਲਮਾਨਾਂ ਖਿਲਾਫ ਪੱਖ-ਪਾਤ ਕਰਨ ਵਾਲਾ ਨਾਗਰਿਕਤਾ ਸੋਧ ਕਾਨੂੰਨ ਬਣਾਇਆ ਗਿਆ ਹੈ। ਨਾਗਰਿਕਤਾ ਸੋਧ ਕਾਨੂੰਨ ਤੇ ਐੱਨਆਰਸੀ ਭਾਰਤੀ ਸੰਵਿਧਾਨ ਦੀ ਧਾਰਾ 14 ਦੇ ਬਰਾਬਰੀ ਦੇ ਅਧਿਕਾਰ ਦੀ ਸਰਾਸਰ ਉਲੰਘਣਾ ਕਰਦਾ ਹੈ ਤੇ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਫਿਰਕੂ ਲੀਹਾਂ ਉੱਤੇ ਵੰਡਣ ਦੀ ਸੋਚੀ ਸਮਝੀ ਸਾਜਿਸ਼ ਹੈ। ਮੋਦੀ ਸਰਕਾਰ ਹਿੰਦੂ ਰਾਸ਼ਟਰ ਦੇ ਫਿਰਕੂ ਏਜੰਡੇ ਹੇਠ ਅਜਿਹੇ ਕਾਨੂੰਨ ਲਾਗੂ ਕਰ ਕੇ ਦੇਸ਼ ਦੀਆਂ ਘੱਟ ਗਿਣਤੀਆਂ ਤੇ ਖਾਸ ਕਰਕੇ ਮੁਸਲਮਾਨਾਂ, ਗਰੀਬਾਂ, ਦਲਿਤਾਂ ਅਤੇ ਆਦਿਵਾਸੀਆਂ ਨੂੰ ਦੋ ਨੰਬਰ ਦੇ ਸ਼ਹਿਰੀ ਬਨਾਉਣ ਦੀ ਫਿਰਕੂ ਰਾਜਨੀਤੀ ਕਰ ਰਹੀ ਹੈ।

ਸਾਰੀਆਂ ਸੰਵਿਧਾਨਿਕ ਸੰਸਥਾਵਾਂ ਸੁਪਰੀਮ ਕੋਰਟ ਤੋਂ ਲੈਕੇ ਗਵੱਰਨਰਾਂ ਤਕ, ਚੋਣ ਕਮਿਸ਼ਨ ਰੀਜ਼ਰਵ ਬੈਂਕ, ਕਾਨੂੰਨੀ ਏਜੰਸੀਆਂ ਸੀਬੀਆਈ, ਈ ਡੀ, ਇਨਕਮ ਟੈਕਸ ਆਦਿ ਸਰਕਾਰੀ ਦਬਾਅ ਹੇਠ ਝੁਕ ਗਈਆਂ ਹਨ।

ਉਹਨਾਂ ਨੂੰ ਸਿਆਸੀ ਮਨੋਰਥਾਂ ਦੀ ਪ੍ਰਾਪਤੀ, ਵਿਰੋਧੀਆਂ ਅਤੇ ਜਮਹੂਰੀਅਤ ਨੂੰ ਕੁਚਲਣ ਲਈ ਵਰਤਿਆ ਜਾ ਰਿਹਾ ਹੈ। ਇਲਿਕਟਰਾਨਿਕ ਮੀਡੀਏ ਦਾ ਵੱਡਾ ਹਿੱਸਾ ਬੀਜੇਪੀ ਪੱਖੀ ਗੋਦੀ ਮੀਡੀਆ ਬਣ ਗਿਆ ਹੈ। ਕੇਂਦਰੀ ਸਰਕਾਰ ਦਾ ਸੂਬਿਆਂ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨਾਲ ਟਕਰਾ, ਤੋੜਨ ਤੇ ਦਲਬਦਲੀ ਕਰਾ ਕੇ ਬੀਜੇਪੀ ਦੀਆਂ ਸਰਕਾਰਾਂ ਬਣਾਉਣ ਦੀ ਗੰਦੀ ਖੇਡ ਖੇਡੀ ਜਾ ਰਹੀ ਹੈ।

ਕਰੋਨਾ ਮਹਾਮਾਰੀ ਦਾ ਫਾਇਦਾ ਉਠਾ ਕੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਹੋਰ ਮਿਹਨਤਕਸ਼ ਲੋਕਾਂ ਵਲੋਂ ਲੰਮੇ ਸੰਘਰਸ਼ਾਂ ਤੋਂ ਬਾਅਦ ਪ੍ਰਾਪਤ ਕੀਤੇ ਹੱਕ ਖੋਹੇ ਜਾ ਰਹੇ ਹਨ।

ਇਸ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਨੂੰ ਦੇਸ਼ ਧਰੋਹੀ ਗਰਦਾਨਿਆ ਜਾ ਰਿਹਾ ਹੈ ਅਤੇ ਜੇਹਲਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ।

ਖੱਬੀਆਂ ਪਾਰਟੀਆਂ ਲਗਾਤਾਰ ਸੰਘਰਸ਼ ਚਲਾ ਰਹੀਆਂ ਹਨ। ਬੜੇ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਨੂੰ ਦਰਪੇਸ਼ ਇਸ ਮਹਾਂ ਸੰਕਟ ਸਮੇਂ ਧਰਮਨਿਰਪੱਖ ਜਮਹੂਰੀ ਪਾਰਟੀਆਂ ਖਿਲਰੀਆਂ ਪਤਰੀਆਂ ਪਈਆਂ ਹਨ। ਇਸ ਮਹਾਂ ਸੰਕਟ ਵਿੱਚੋਂ ਨਿਕਲਣ ਲਈ ਵਿਸ਼ਾਲ ਜਮਹੂਰੀ ਲਹਿਰ ਲਾਮਬੰਦ ਕਰਨ ਦੀ ਲੋੜ ਹੈ। ਇਸ ਮੌਕੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਇਨਕਲਾਬੀ ਮਹਾਂਨਾਇਕ ਵਲੋਂ ਛੱਡੀਆਂ ਪੈੜਾਂ ਤੇ ਚਲ ਕੇ ਹੀ ਫਿਰਕੂ ਸ਼ਕਤੀਆਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ।

# ਲਾਪਰਵਾਹੀ ਉਰਫ ਮੂਰਖਤਾ

**ਰਾਜਿੰਦਰ ਪਾਲ ਸ਼ਰਮਾ**

ਨਿਯਮਾਂ ਦੀ ਪਾਲਣਾ ਜਾਂ ਕਾਨੂੰਨ ਦਾ ਸਤਿਕਾਰ ਮਨੁੱਖੀ ਸਮਾਜ ਲਈ ਅਤਿ ਜ਼ਰੂਰੀ ਹਨ। ਜੇ ਇੰਜ ਨਾ ਕੀਤਾ ਜਾਵੇ ਤਾਂ ਆਪਾਧਾਪੀ ਦਾ ਵਾਤਾਵਰਨ ਪੈਦਾ ਹੋ ਜਾਂਦਾ ਹੈ। ਸਾਡੇ ਸਮੁੱਚੇ ਤੌਰ 'ਤੇ ਅਨੁਸ਼ਾਸਨ ਦੀ ਘਾਟ ਹੈ ਤੇ ਕਾਨੂੰਨ ਜਾਂ ਨਿਯਮ ਦੀ ਪ੍ਰਵਾਹ ਘੱਟ ਕੀਤੀ ਜਾਂਦੀ ਹੈ। ਵਿਸ਼ੇਸ਼ ਕਰਕੇ ਸੱਤਾਧਾਰੀ ਲੋਕ ਕੰਮ ਜ਼ਿਆਦਾ ਖਰਾਬ ਕਰਦੇ ਹਨ। ਪੱਛਮ ਵਾਲੇ ਸਾਡੇ ਤੋਂ ਕਾਫ਼ੀ ਚੰਗੇ ਹਨ। ਉੱਥੇ ਕਾਨੂੰਨ ਦੀ ਸਰਵਉੱਚਤਾ ਹੈ ਤੇ ਨਿਯਮਾਂ ਦੀ ਪਾਲਣਾ ਵੀ ਹੁੰਦੀ ਹੈ। ਟਾਵੇਂ-ਟਾਵੇਂ ਹੀ ਅਵੱਗਿਆ ਕਰਨ ਵਾਲੇ ਉੱਥੇ ਮਿਲਦੇ ਹਨ। ਪਰ ਸਾਡੇ ਤਕੜੇ ਦਾ ਸੱਤੀਂ ਵੀਹੀਂ ਸੌ ਆਮ ਚਲਦਾ ਹੈ ਤੇ ਕਈ ਚਮਲੇਵੇਂ 'ਚ ਹੀ ਗਲਤੀ ਕਰ ਬੈਠਦੇ ਹਨ।

ਹੁਣ ਕੋਰੋਨੇ ਨੇ ਸਾਰੀ ਦੁਨੀਆਂ ਦੀ ਬਸ ਕਰਾਈ ਪਈ ਹੈ। ਕੋਈ ਇਲਾਜ ਨਾ ਹੋਣ ਕਾਰਨ ਅਜੇ ਪਰਹੇਜ਼ ਨਾਲ ਹੀ ਇਸ ਤੋਂ ਬਚਾਅ ਹੈ। ਚਲੋ ਪ੍ਰਮਾਤਮਾ ਕਰੇ ਇਸ ਦਾ ਇਲਾਜ ਛੇਤੀ ਨਿਕਲੇ। ਅਸੀਂ ਇਹੋ ਕਾਮਨਾ ਕਰਦੇ ਹਾਂ। ਹੁਣ ਪ੍ਰਹੇਜ ਵਜੋਂ ਵਾਹ ਲੱਗਦੀ ਘਰੇ ਰਹਿਣਾ ਜ਼ਰੂਰੀ ਹੈ। ਪਰ ਲੋੜਾਂ ਪੂਰੀਆਂ ਕਰਨ ਖਾਤਰ ਬੰਦਿਆਂ ਨੂੰ ਬਾਹਰ ਜਾਣਾ ਹੀ ਪੈਂਦਾ ਹੈ। ਬਾਹਰ ਜਾਣ ਵੇਲੇ ਮੂੰਹ ਨੱਕ ਮਾਸਕ ਨਾਲ ਢਕਣੇ ਜ਼ਰੂਰੀ ਹਨ ਤੇ ਸਰੀਰਕ ਦੂਰੀ ਵੀ ਜ਼ਰੂਰੀ ਹੈ। ਪਰੰਤੂ ਅਨੇਕ ਭੈਣ-ਭਰਾ ਇਨ੍ਹਾਂ ਗੱਲਾਂ ਪ੍ਰਤੀ ਲਾਪਰਵਾਹੀ ਵਰਤਦੇ ਹਨ। ਕਈ ਤਾਂ ਇੰਜ ਕਰਕੇ ਫਖ਼ਰ ਮਹਿਸੂਸ ਕਰਦੇ ਹਨ ਤੇ ਟੋਕਣ ਵਾਲਿਆਂ ਨੂੰ ਡਰਪੋਕ ਹੀ ਸਮਝਦੇ ਹਨ। ਕਈ ਹਾਲਤਾਂ ਵਿਚ ਤਾਂ ਕਮਜ਼ੋਰ ਬੰਦੇ ਨੂੰ ਕੁੱਟਣ ਤੱਕ ਜਾਂਦੇ ਹਨ। ਪਿੱਛੇ ਜਿਹੇ ਟੀ.ਵੀ. ਦੁਆਰਾ ਨਸ਼ਰ (ਦਿਖਾਇਆ) ਕੀਤਾ ਕੇਸ ਸਾਹਮਣੇ ਵੀ ਆਇਆ। ਭਾਵੇਂ ਰੌਲ਼ਾ ਰੱਪਾ ਪੈਣ 'ਤੇ ਕੁੱਟ ਮਾਰ ਕਰਨ ਵਾਲਾ ਗ੍ਰਿਫ਼ਤਾਰ ਵੀ ਕੀਤਾ ਗਿਆ ਪਰ ਅਜਿਹੇ ਮੂਰਖ਼ਾਂ ਦੀ ਅਕਲ 'ਤੇ ਤਾਂ ਰੋਣਾ ਆਉਂਦਾ ਹੈ। ਗੱਧੇ ਵਾਲੀ ਗੱਲ ਹੋਈ, ਜਿਸ ਨੇ ਕਿਹਾ ਸੀ ਕਿ ਲੂਣ ਦਿੱਤਿਆਂ ਮੇਰੇ ਕੰਨ ਪਾਟਦੇ ਹਨ। ਭਾਵ ਚੰਗੀ ਗੱਲ ਕਹਿਣ 'ਤੇ ਉਲਟਾ ਗਲ਼ ਪੈਣ ਵਾਲੀ ਗੱਲ ਹੈ।

ਸਾਡੇ ਕੋਰੋਨਾ ਦੇ ਕੇਸ ਛਾਲਾ ਮਾਰ ਕੇ ਉੱਪਰ ਨੂੰ ਜਾ ਰਹੇ ਹਨ। ਅਰਥਚਾਰੇ ਨੂੰ ਵੀ ਕਾਇਮ ਰੱਖਣਾ ਹੈ ਕਿਉਂਕਿ ਆਰਥਕ ਬਦਹਾਲੀ ਸਦਕਾ ਖ਼ੁਦਕਸ਼ੀਆਂ ਹੋ ਰਹੀਆਂ ਹਨ। ਸਰਕਾਰ ਦੀ ਆਮਦਨ ਘਟੀ ਜਾ ਰਹੀ ਹੈ। ਕਾਰੋਬਾਰੀ ਰੋ ਕੁਰਲਾ ਰਹੇ ਹਨ। ਲਾਕਡਾਊਨ ਕਿਸੇ ਹੱਦ ਤੱਕ ਹੀ ਕੀਤਾ ਜਾ ਸਕਦਾ ਹੈ। ਸਮਾਜ ਵੱਲੋਂ ਸਹਿਯੋਗ ਨਾਲ ਹੀ ਸਰਕਾਰਾਂ ਸਫ਼ਲ ਹੁੰਦੀਆਂ ਹਨ ਤੇ ਸਮੱਸਿਆਵਾਂ ਹੱਲ ਹੁੰਦੀਆਂ ਹਨ। ਜੇ ਸਮਾਜ ਸਮੁੱਚੇ ਤੌਰ 'ਤੇ ਸਹਿਯੋਗ ਚੰਗੀ ਤਰ੍ਹਾਂ ਨਾ ਦੇਵੇ ਤਾਂ ਸਰਕਾਰ ਕੋਲ ਕੋਈ ਜਾਦੂ ਨਹੀਂ ਹੁੰਦਾ ਜਿਸ ਨਾਲ ਇਸ ਦਾ ਸਾਹਮਣਾ ਸਫ਼ਲਤਾ ਨਾਲ ਕਰ ਸਕੇ।

ਸਪੱਸ਼ਟ ਹੈ ਕਿ ਹਰ ਨਾਗਰਿਕ ਨੂੰ ਕੋਰੋਨਾ ਪ੍ਰਤੀ ਪੂਰਾ ਪਰਹੇਜ ਰੱਖਣਾ ਚਾਹੀਦਾ ਹੈ। ਜੁਰਮਾਨੇ ਤੇ ਚਲਾਨਾਂ ਦੀ ਲੋੜ ਤਾਂ ਹੀ ਪੈਂਦੀ ਹੈ ਜਦੋਂ ਕਈ ਬੰਦੇ ਲਾਪਰਵਾਹੀ ਬਲਕਿ ਮੂਰਖ਼ਤਾ ਦਾ ਪ੍ਰਗਟਾਵਾ ਕਰਨ ਤੋਂ ਬਾਜ਼ ਨਹੀਂ ਆਉਂਦੇ। ਅਜਿਹੇ ਨਾਲਾਇਕ ਬਲਕਿ ਫੁਕ਼ਰੇ ਆਪ ਵੀ ਮਰਦੇ ਹਨ ਤੇ ਦੂਜਿਆਂ ਲਈ ਵੀ ਖ਼ਤਰਾ ਬਣਦੇ ਹਨ। ਚਾਹੇ ਕੋਰੋਨਾ ਨੂੰ ਕਈ ਮਾਤ ਵੀ ਦੇ ਰਹੇ ਹਨ ਅਤੇ ਅੱਧ ਤੋਂ ਵੱਧ ਠੀਕ ਹੋ ਜਾਂਦੇ ਹਨ ਪਰ ਇਲਾਜ ਪੱਕਾ ਨਾ ਹੋਣ ਕਾਰਨ ਜਦੋਂ ਕਿਸੇ ਦੀ ਰਿਪੋਰਟ ਪਾਜ਼ੇਟਿਵ ਆ ਜਾਂਦੀ ਹੈ ਤਾਂ ਅੱਖਾਂ ਮੂਹਰੇ ਮੌਤ ਘੁੰਮਣ ਲੱਗ ਪੈਂਦੀ ਹੈ। ਉਂਜ ਅਸੀਂ ਰੱਬ ਮੋਹਰੇ ਅਰਦਾਸ ਕਰਦੇ ਹਾਂ ਕਿ ਸਾਰੇ ਠੀਕ ਰਹਿਣ। ਪਰ ਬੰਦਿਆਂ ਦੀ ਲਾਪਰਵਾਹੀ ਜਾਂ ਮੂਰਖਤਾਂ ਤਾਂ ਖਿਝ ਤੇ ਗੁੱਸੇ ਦਾ ਕਾਰਨ ਬਣਦੀ ਹੈ।

ਕੁਝ ਵੱਡੇ ਬੰਦੇ ਕਾਨੂੰਨ ਦੀ ਅਵੱਗਿਆ ਕਰਨ ਦੀ ਬਿਮਾਰੀ ਤੋਂ ਮੁਕਤ ਨਹੀਂ ਹੁੰਦੇ। ਰਾਜਸਥਾਨ 'ਚ ਇੱਕ ਵਿਆਹ 'ਚ ਕੀਤੇ ਵੱਡੇ ਇਕੱਠ ਦੀ ਚਰਚਾ ਹੋਈ। ਭਾਰੀ ਜ਼ੁਰਮਾਨਾ ਵੀ ਹੋਇਆ ਤੇ ਕਈ ਕੋਰੋਨਾ ਗ੍ਰਸਤ ਵੀ ਹੋਏ। ਇਸ ਪ੍ਰਕਾਰ ਮੰਤਰੀ ਜਾਂ ਵਿਧਾਇਕ ਆਪਣੇ ਹਿਮਾਇਤੀਆਂ ਦੇ ਇਕੱਠ ਵੇਲੇ ਲਾਪਰਵਾਹੀ ਦਿਖਾਉਂਦੇ ਹਨ। ਕੋਰੋਨਾ ਸਦਕਾ ਇਨ੍ਹਾਂ ਭਲੇ ਮਾਣਸਾਂ ਨੂੰ ਦਿਖਾਵੇ ਤੇ ਠੁੱਕ ਤੋਂ ਖਹਿੜਾ ਛੁਡਾ ਲੈਣਾ ਚਾਹੀਦਾ ਹੈ। ਇਕੱਠ ਕਰਕੇ ਫੋਟੋ ਖਿਚਾਉਣ ਤੇ ਫਿਰ ਅਖਬਾਰਾਂ 'ਚ ਲੁਆਉਣ ਦੀ ਆਦਤ ਨੂੰ ਕੋਰੋਨੇ ਸਦਕਾ ਬੰਦ ਕਰਨ ਦੀ ਲੋੜ ਹੈ। ਜਦੋਂ ਸਮਾਜ ਬਲਕਿ ਸਾਰੀ ਦੁਨੀਆਂ ਕੋਰੋਨਾ ਮੁਕਤ ਹੋ ਗਈ ਫ਼ਿਰ ਆਪਣੀ ਪਿਛਲੀ ਕਸਰ ਕੱਢ ਲਈ ਜਾਵੇ।

ਪੱਛਮੀ ਦੇਸ਼ਾਂ (ਇਟਲੀ, ਜਰਮਨੀ, ਫਰਾਂਸ ਤੇ ਸਪੇਨ ਆਦਿ) 'ਚ ਕੋਰੋਨਾ ਦਾ ਜ਼ੋਰ ਬਹੁਤ ਸੀ ਪਰ ਹੁਣ ਪ੍ਰਹੇਜ ਤੇ ਪੂਰੇ ਅਨੁਸ਼ਾਸਨ ਸਦਕਾ ਉੱਥੇ ਕੇਸ ਘੱਟ ਹਨ ਤੇ ਮੌਤ ਦਰ ਵੀ ਕਾਫ਼ੀ ਹੇਠ ਆ ਗਈ ਹੈ। ਸਾਡੇ ਭਾਵੇਂ ਆਬਾਦੀ ਜ਼ਿਆਦਾ ਹੈ ਪਰ ਅਨੁਸ਼ਾਸਨ ਦੀ ਘਾਟ ਸਦਕਾ ਕੋਰੋਨਾ ਦੇ ਕੇਸਾਂ ਦੀ ਗਿਣਤੀ 'ਚ ਅਸੀਂ ਤੀਜੀ ਥਾਂ ਪ੍ਰਾਪਤ ਕਰ ਲਈ ਹੈ। ਮੌਤ ਦਰ ਵੀ ਵਧ ਰਹੀ ਹੈ। ਸੋ ਸਾਨੂੰ ਸਾਰਿਆਂ ਨੂੰ ਲਾਪਰਵਾਹੀ ਉਰਫ਼ ਮੂਰਖ਼ਤਾ ਦੀ ਥਾਂ ਅਕਲ ਦਾ ਲੜ ਫੜਨ ਦੀ ਲੋੜ ਹੈ।

-ਮੋ: 98886-31634

# ਰਾਫੇਲ ਆਉਣ ਨਾਲ ਅਸਲ ਸਮੱਸਿਆਵਾਂ ਹਲ ਨਹੀਂ ਹੋਣ ਵਾਲੀਆਂ

**ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'**

ਭਾਰਤੀਆਂ ਨੂੰ ਲੜਾਕੂ ਜਹਾਜ਼ ਰਾਫੇਲ ਮਿਲਣ ਨਾਲ ਇੰਝ ਲੱਗਦਾ ਜਿਵੇਂ ਸਿਰਫ ਇੱਕ ਇਹ ਹੀ ਕਮੀ ਸੀ, ਜੋ ਕਿ ਹੁਣ ਪੂਰੀ ਹੋ ਗਈ ਹੈ, ਬਾਕੀ ਸਭ ਕੁੱਝ ਤਾਂ ਪਹਿਲਾਂ ਹੀ ਟਾਪੋ-ਟਾਪ ਚੱਲ ਰਿਹਾ ਸੀ। ਮੀਡੀਆ ਵਾਲਿਆਂ ਨੂੰ ਰਾਫੇਲ ਦੀ ਖਬਰ ਤੋਂ ਇਲਾਵਾ ਹੋਰ ਕੁੱਝ ਸੁੱਝ ਹੀ ਨਹੀਂ ਰਿਹਾ ਸੀ। ਕਈ ਐਂਕਰਾਂ ਦੇ ਬੋਲਣ ਤੋਂ ਤਾਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਐਂਕਰ ਘੱਟ ਤੇ ਵਿਗਿਆਨੀ ਜਿਆਦਾ ਹੋਣ। ਇਸ ਦੀਆਂ ਖੂਬੀਆਂ ਜਿੰਨੀਆਂ ਕੁ ਐਂਕਰਾਂ ਨੇ ਗਿਣਵਾ ਦਿੱਤੀਆਂ ਨੇ, ਹੋ ਸਕਦਾ ਕਿ ਫਰਾਂਸ ਦੇ ਵਿਗਿਆਨੀ ਜਿਨ੍ਹਾਂ ਨੇ ਇਸ ਨੂੰ ਤਿਆਰ ਕੀਤਾ ਹੈ, ਉਹ ਵੀ ਨਾ ਜਾਣਦੇ ਹੋਣ। ਕੇਂਦਰ ਸਰਕਾਰ ਸਾਰੀ ਦੀ ਸਾਰੀ ਪੱਬਾਂ ਭਾਰ ਹੋਈ ਰਹੀ। ਰਾਫੇਲ ਦੀ ਖੁਸ਼ੀ ਕਈਆਂ ਕੋਲੋਂ ਤਾਂ ਸਾਂਭੀ ਨਹੀਂ ਸੀ ਜਾ ਰਹੀ। ਉਨ੍ਹਾਂ ਦੀਆਂ ਹਰਕਤਾਂ ਤੋਂ ਤਾਂ ਇੰਝ ਮਹਿਸੂਸ ਹੋਣ ਲੱਗ ਪਿਆ ਸੀ ਕਿ ਸ਼ਾਇਦ ਇਨ੍ਹਾਂ ਨੂੰ ਚਲਾਉਣ ਲਈ ਉਹਨਾਂ ਨੂੰ ਹੀ ਸੱਦਿਆ ਜਾਵੇਗਾ।

ਐਂਕਰ ਅੱਡੀਆਂ ਚੁੱਕ-ਚੁੱਕ ਕਹਿ ਰਹੇ ਸਨ ਕਿ ਰਾਫੇਲ ਨੇ ਚੀਨੀਆਂ ਦੇ ਸਾਹ ਸੁਕਾ ਦਿੱਤੇ ਹਨ, ਪਾਕਿਸਤਾਨ ਨੂੰ ਕੰਬਣੀਂ ਛਿੜ ਗਈ ਹੈ। ਇਹ ਦੇਸ਼ ਹੁਣ ਭਾਰਤ ਵੱਲ ਵੇਖਣਾ ਤਾਂ ਕੀ, ਇੱਧਰ ਨੂੰ ਮੂੰਹ ਵੀ ਨਹੀਂ ਕਰਨਗੇ। ਬਹੁ-ਗਿਣਤੀ ਮੀਡੀਆ ਚੈਨਲਾਂ 'ਤੇ ਰਾਫੇਲ-ਰਾਫੇਲ ਹੀ ਹੁੰਦੀ ਰਹੀ। ਬੜੀ ਹੈਰਾਨੀ ਦੀ ਗੱਲ ਹੈ ਕਿ ਕੋਰੜਾਂ ਲੋਕਾਂ ਦੀਆਂ ਨੌਕਰੀਆਂ ਜਾ ਚੁੱਕੀਆਂ ਹਨ।



ਸਰਕਾਰੀ ਵਿਭਾਗਾਂ 'ਚੋਂ ਕਰਮਚਾਰੀਆਂ ਨੂੰ ਸਮੇਂ ਤੋਂ ਪਹਿਲਾਂ ਹੀ ਸੇਵਾ ਮੁਕਤ ਕੀਤਾ ਜਾ ਰਿਹਾ ਹੈ। ਰੁਜਗਾਰ ਦੇ ਸਾਧਨ ਪੈਦਾ ਨਹੀਂ ਹੋ ਰਹੇ। ਬੇਰੁਜਗਾਰ ਟੈਂਕੀਆਂ 'ਤੇ ਚੜ੍ਹਕੇ ਜਾਨਾਂ ਦੇਣ ਲਈ ਤਿਆਰ ਬੈਠੇ ਨੇ। ਸਰਕਾਰ ਨਮੋ-ਨਮੋ ਨਾਲ ਲੋਕਾਂ ਨੂੰ ਖੁਸ਼ ਕਰ ਰਹੀ ਹੈ। ਇੱਕ ਪਾਸੇ ਕੋਰੋਨੇ ਨੇ ਲੋਕਾਂ ਦੇ ਸਾਹ ਸੂਤ ਰੱਖੇ ਨੇ, ਦੂਜੇ ਪਾਸੇ ਸਰਕਾਰਾਂ ਭਾਂਡੇ ਖੜਕਾ ਕੇ ਤੇ ਮੋਮਬੱਤੀਆਂ ਜਗਵਾ ਕੇ ਭੋਲੇ-ਭਾਲੇ ਲੋਕਾਂ ਨੂੰ ਬੁੱਧੂ ਬਣਾਉਣ ਦੇ ਰਾਹ ਤੁਰੀ ਹੋਈ ਹੈ। ਨਵੇਂ-ਨਵੇਂ ਆਰਡੀਨੈਂਸ ਜਾਰੀ ਕਰਕੇ ਆਮ ਲੋਕਾਂ ਨੂੰ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪਹਿਲਾਂ ਤੋਂ ਹੀ ਕਰਜਾਈ ਕਿਸਾਨਾਂ ਤੋਂ ਘੱਟੋ-ਘੱਟ ਮੁੱਲ ਵਾਲਾ ਫਾਰਮੂਲਾ ਖੋਹਿਆ ਜਾ ਰਿਹਾ ਹੈ।

ਭਾਰਤ ਦੇ ਲੋਕਾਂ ਦੇ ਮਨਾਂ 'ਚ ਧਰਮ ਦਾ ਮੁਲੱਮਾਂ ਚਾੜ੍ਹ ਕੇ ਉਹਨਾਂ ਨੂੰ ਉਹਨਾਂ ਦੇ ਮੁੱਢਲੇ ਹੱਕਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਅਯੁੱਧਿਆ ਵਿੱਚ ਰਾਮ ਮੰਦਿਰ ਦੀ ਉਸਾਰੀ ਸ਼ੁਰੂ ਕਰਨ ਵੇਲੇ ਸਾਰੇ ਭਾਰਤ ਵਾਸੀਆਂ ਨੂੰ ਅਯੁੱਧਿਆ ਵੱਲ ਮੂੰਹ ਕਰਕੇ ਖੜੇ ਹੋਣ ਦੀ ਅਪੀਲ ਹੋ ਰਹੀ ਹੈ। ਦੇਸ਼ ਦੀ ਵਿਕਾਸ ਦਰ ਘਟ ਰਹੀ ਹੈ। ਰੁਪਈਆ ਦਿਨੋਂ ਦਿਨ ਡਿੱਗਦਾ ਜਾ ਰਿਹਾ ਹੈ। ਕਾਰਖਾਨੇ ਬੰਦ ਹੋ ਰਹੇ ਹਨ। ਗਰੀਬਾਂ ਦੀ ਗਿਣਤੀ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਮਨ ਦੀ ਬਾਤ ਵਿੱਚ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਲੋਕਾਂ ਨੂੰ ਭਾਵੁਕ ਕੀਤਾ ਜਾ ਰਿਹਾ ਹੈ। ਮੈਂ ਰਾਫੇਲ ਜਹਾਜ਼ਾਂ ਦਾ ਵਿਰੋਧੀ ਨਹੀਂ ਹਾਂ ਪਰ ਸਰਕਾਰਾਂ ਨੂੰ ਭੁੱਖ ਨਾਲ ਮਰ ਰਹੇ ਲੋਕਾਂ ਦੀ ਬਾਂਹ ਵੀ ਫੜਨੀ ਚਾਹੀਦੀ ਹੈ। ਕਿਸੇ ਨੂੰ ਕੋਈ ਕੰਮ ਧੰਦਾ ਵੀ ਮਿਲਣਾ ਚਾਹੀਦਾ ਹੈ। ਰਾਫੇਲ ਨੇ ਭੁੱਖੇ ਲੋਕਾਂ ਦੇ ਪੇਟ ਤਾਂ ਨਹੀਂ ਭਰਨੇ ਹਨ।

ਦੇਸ਼ ਨੂੰ ਆਜ਼ਾਦ ਹੋਇਆਂ ਸੱਤਰ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਜਦੋਂ ਵੀ ਪੰਜ ਸਾਲ ਬਾਅਦ ਚੋਣਾਂ ਹੁੰਦੀਆਂ ਹਨ ਹਰ ਵਾਰ ਧਰਮ ਦਾ ਮੁੱਦਾ ਜਾਂ ਦੇਸ਼ ਦੀ ਸੁਰੱਖਿਆ ਦਾ ਮੁੱਦਾ ਭਖਾ ਲਿਆ ਜਾਂਦਾ ਹੈ। ਵਿਕਾਸ ਸਿਰਫ ਗੱਲਾਂ ਵਿੱਚ ਹੀ ਹੁੰਦਾ ਹੈ। ਲੋਕਾਂ ਦੀ ਹਾਲਤ ਤੋਂ ਅਜੇ ਵੀ ਇੰਝ ਹੀ ਲੱਗਦਾ ਹੈ ਕਿ ਉਹ ਆਪਣੇ ਹੱਕਾਂ ਪ੍ਰਤੀ ਛੇਤੀ ਕਿਤੇ ਸੁਚੇਤ ਹੋਣ ਵਾਲੇ ਨਹੀਂ ਹਨ। ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਦਾ ਸ਼ਿਕਾਰ ਹੋਣ ਲਈ ਹਮੇਸ਼ਾ ਤਿਆਰ ਹੀ ਬੈਠੇ ਰਹਿੰਦੇ ਹਨ। ਜਦੋਂ ਵੀ ਹੁਣ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਚੋਣਾਂ ਹੋਣਗੀਆਂ ਉਹਨਾਂ ਚੋਣਾਂ ਵਿੱਚ ਰਾਫੇਲ ਜਹਾਜ਼ਾਂ ਦਾ ਗੁਣਗਾਣ ਜ਼ਰੂਰ ਹੋਇਆ ਕਰੇਗਾ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਚੀਨ ਦੀਆਂ ਦੋ ਸੌ ਦੇ ਕਰੀਬ ਸਾਈਟਾਂ ਬੰਦ ਕਰ ਚੁੱਕੇ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਦੇਸ਼ ਵਿੱਚ 137 ਕਰੋੜ ਦੀ ਅਬਾਦੀ ਹੋਵੇ, ਉਸ ਦੇਸ਼ ਦੇ ਇੰਜੀਨੀਅਰਾਂ ਵੱਲੋਂ ਚੀਨ ਦੇ ਮੁਕਾਬਲੇ ਦੀਆਂ ਸਾਈਟਾਂ ਕਿਉਂ ਨਹੀਂ ਬਣਾਈਆਂ ਗਈਆਂ। ਇਹਨਾਂ ਸਾਈਟਾਂ ਦੀ ਭਾਰਤ ਵਿੱਚ ਹੋ ਰਹੀ ਵਰਤੋਂ ਦੀ ਕਮਾਈ ਚੀਨ ਨੂੰ ਜਾ ਰਹੀ ਸੀ। ਇਹਨਾਂ ਸਾਈਟਾਂ ਨੂੰ ਬੰਦ ਕਰਨ ਨੂੰ ਵੀ ਇੱਕ ਵੱਡੀ ਪ੍ਰਾਪਤੀ ਹੀ ਦੱਸਿਆ ਜਾਵੇਗਾ।

ਸਾਡੇ ਦੇਸ਼ ਦੀ ਸਰਕਾਰ ਸਿਰਫ ਗੱਲਾਂ ਦੀ ਖੱਟੀ ਖਾ ਰਹੀ ਹੈ। ਵਿਕਾਸ ਦੀ ਥਾਂ ਵਿਨਾਸ਼ ਹੋ ਰਿਹਾ ਹੈ। ਲੋਕ ਆਪਸ ਵਿੱਚ ਧਰਮਾਂ ਦੇ ਨਾਂ 'ਤੇ ਦੰਗੇ ਕਰੀ ਜਾ ਰਹੇ ਹਨ। ਜਿਹੜੇ ਲੋਕ ਰਾਫੇਲ ਜਹਾਜ਼ਾਂ ਦੀ ਆਮਦ 'ਤੇ ਜਸ਼ਨ ਮਨਾਉਣ ਵਿੱਚ ਰੁਝੇ ਹੋਏ ਹਨ, ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਫੇਲ ਨੇ ਨਾ ਉਹਨਾਂ ਨੂੰ ਕੋਈ ਰੁਜਗਾਰ ਮੁਹੱਈਆ ਕਰਵਾਉਣਾ ਹੈ ਅਤੇ ਨਾ ਹੀ ਪੇਟ ਭਰਨ ਲਈ ਅਨਾਜ ਦੇਣਾ ਹੈ। ਇਹ ਤਾਂ ਸਿਰਫ ਸਿਆਸਤਦਾਨਾਂ ਲਈ ਵੋਟਾਂ ਬਟੋਰਨ ਦਾ ਸਾਧਨ ਹੀ ਬਣ ਸਕਦਾ ਹੈ, ਇਸ ਤੋਂ ਵੱਧ ਕੁੱਝ ਵੀ ਨਹੀਂ। ਮੀਡੀਆ ਵਾਲਿਆਂ ਨੂੰ ਆਪਣੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਪ੍ਰਚਾਰ ਕਰਨਾ ਚਾਹੀਦਾ ਹੈ। ਐਂਕਰਾਂ ਦੀਆਂ ਬੇ-ਤੁੱਕੀਆਂ ਗੱਲਾਂ ਇਹਨਾਂ ਐਂਕਰਾਂ ਦੀ ਅਕਲ 'ਤੇ ਸਵਾਲੀਆ ਚਿੰਨ੍ਹ ਲਾਉਂਦੀਆਂ ਹਨ। ਭਾਰਤ ਦੇ ਲੋਕਾਂ ਨੂੰ ਵੀ ਐਵੇਂ ਹੀ ਚੰਦ ਲੋਕਾਂ ਦੇ ਬਹਿਕਾਵੇ ਵਿੱਚ ਆ ਕੇ ਲਕੀਰ ਦੇ ਫਕੀਰ ਨਹੀਂ ਬਣਨਾ ਚਾਹੀਦਾ।

-ਫੋਨ:001-360-448-1989

## ਖ਼ਤ ਮਿਲਿਆ
# ਮੈਗਜ਼ੀਨ 'ਸੂਲ ਸੁਰਾਹੀ' ਬਾਰੇ

ਸਮਾਜ ਵਿਚ ਚੇਤਨਾ ਲਿਆਉਣ ਵਿਚ ਮੈਗਜ਼ੀਨਾਂ ਦਾ ਅਹਿਮ ਯੋਗਦਾਨ ਹੈ। ਅੰਗਰੇਜ਼ਾਂ ਦੇ ਦੌਰ ਵਿਚ, ਆਮ ਲੋਕਾਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਅਤੇ ਲੁੱਟ ਵਿਰੁੱਧ ਜਾਗਰੂਕ ਕਰਨ ਵਿਚ ਮੈਗਜ਼ੀਨਾਂ ਦਾ ਅਹਿਮ ਯੋਗਦਾਨ ਰਿਹਾ। ਮੈਗਜ਼ੀਨਾਂ ਨੇ ਪਾਠਕਾਂ ਦੇ ਦਿਲਾਂ ਵਿਚ ਆਪਣਾ ਇਕ ਅਹਿਮ ਸਥਾਨ ਬਣਾ ਲਿਆ ਹੈ। ਗੱਲ ਕਰਦੇ ਹਾਂ ਪੰਜਾਬੀ ਦੀ ਬੇਹੱਦ ਹਰਮਨ ਪਿਆਰੀ ਮੈਗਜ਼ੀਨ 'ਸੂਲ ਸੁਰਾਹੀ' ਦੀ।

ਇਸ ਮੈਗਜ਼ੀਨ ਦੀ ਹਰਮਨ ਪਿਆਰਤਾ ਇਸ ਗੱਲ ਤੋਂ ਲਗਾਈ ਜਾ ਸਕਦੀ ਹੈ ਕਿ ਪਾਠਕ ਇਸ ਮੈਗਜ਼ੀਨ ਦੇ ਆਉਣ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਅਤੇ ਵਾਰ-ਵਾਰ ਸੰਪਾਦਕ ਸਾਹਿਬ ਨੂੰ ਫੋਨ ਕਰ-ਕਰ ਕੇ ਇਸ ਬਾਰੇ ਪੁੱਛਦੇ ਰਹਿੰਦੇ ਹਨ। ਉੱਚ ਪਾਏਦਾਨ ਦੀਆਂ ਰਚਨਾਵਾਂ ਇਸ ਵਿਚ ਛਪਦੀਆਂ ਹਨ। ਚਾਹੇ ਗ਼ਜ਼ਲਾਂ ਹੋਣ, ਗੀਤ ਹੋਣ, ਕਵਿਤਾਵਾਂ, ਕਹਾਣੀ, ਲੇਖ, ਚੌਬਰਗੇ, ਦੋਹੇ, ਟੱਪੇ, ਰੁਬਾਈਆਂ ਸਭੇ ਹੀ ਪਾਠਕ ਦੇ ਦਿਲ ਵਿਚ ਘਰ ਕਰ ਜਾਂਦੇ ਹਨ। ਅਪ੍ਰੈਲ ਤੋਂ ਸਤੰਬਰ 2020 ਦੇ ਅੰਕ ਨਾਲ ਹੀ ਮੈਗਜ਼ੀਨ 'ਸੂਲ ਸੁਰਾਹੀ 14 ਵਰ੍ਹੇ ਪੂਰੇ ਕਰਕੇ 15ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਰਹੀ ਹੈ। ਮੈਂ ਬਹੁਤ ਵਧਾਈ ਦਿੰਦਾ ਹਾਂ ਪੰਜਾਬੀ ਸਾਹਿਤ ਦੇ ਥੰਮ੍ਹ, ਉਸਤਾਦ ਸ਼ਾਇਰ ਅਤੇ ਸੂਲ ਸੁਰਾਹੀ ਮੈਗਜ਼ੀਨ ਦੇ ਸੰਪਾਦਕ ਸ੍ਰੀ ਬਲਬੀਰ ਸਿੰਘ ਸੈਣੀ ਜੀ ਨੂੰ ਅਤੇ ਸਮੁੱਚੇ ਸੰਪਾਦਕੀ ਮੰਡਲ ਨੂੰ।

ਇਸ ਮੈਗਜ਼ੀਨ ਵਿਚ ਸਥਾਪਿਤ ਲੇਖਕਾਂ ਅਤੇ ਸ਼ਾਇਰਾਂ ਦੇ ਨਾਲ-ਨਾਲ ਨਵੀਆਂ ਕਲਮਾਂ ਨੂੰ ਵੀ ਛਾਪ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ। ਹਰੇਕ ਰਚਨਾ ਨੂੰ ਹਰ ਪੱਖੋਂ ਪਰਖ ਕੇ ਛਾਪਿਆ ਜਾਂਦਾ ਹੈ। ਨਿੱਕੀ ਤੋਂ ਨਿੱਕੀ ਤਰੁਟੀ ਨੂੰ ਦੂਰ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਉਸਤਾਦ ਜੀ ਪੂਰੀ ਮਿਹਨਤ ਨਾਲ ਪਰਖਦੇ ਹਨ ਅਤੇ ਇਸਲਾਹ ਤੋਂ ਬਾਅਦ ਹੀ ਛਾਪਦੇ ਹਨ। ਮੈਂ ਉਸਤਾਦ ਬਲਬੀਰ ਸਿੰਘ ਸੈਣੀ ਜੀ ਦੀ ਮਿਹਨਤ ਨੂੰ ਸਲਾਮ ਕਰਦਾ ਹਾਂ।

ਸ਼ਾਲਾ! ਅਦਾਰਾ ਦਿਨ ਦੋਗੁਣੀ ਰਾਤ ਚੋਗੁਣੀ ਤਰੱਕੀ ਕਰੇ।

-ਫੈਸਲ ਖਾਨ,
ਮੋ: 99149-65937

# ਕੈਬਨਿਟ ਮੰਤਰੀ ਧਰਮਸੋਤ ਨੇ ਪਿੰਡ ਫਰੀਦਪੁਰ ਵਿਖੇ ਪੰਚਾਇਤ ਘਰ ਦਾ ਨੀਂਹ ਪੱਥਰ ਰਖਿਆ

## ਕਿਹਾ, ਹਲਕੇ ਦੇ ਪਿੰਡਾਂ ਨੂੰ ਸੁੰਦਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ



ਸੁਖਦੇਵ ਪੰਧੇਰ

ਭਾਦਸੋਂ, 6 ਅਗਸਤ : ਨੇੜਲੇ ਪਿੰਡ ਫਰੀਦਪੁਰ ਵਿਖੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਪੰਚਾਇਤ ਘਰ ਦਾ ਨੀਂਹ ਪੱਥਰ ਰਖਿਆ । ਇਸ ਮੌਕੇ ਉਨ੍ਹਾਂ ਕਿਹਾ ਕਿ ਨਾਭਾ ਹਲਕੇ ਦੇ ਪਿੰਡਾਂ ਨੂੰ ਸੁੰਦਰ ਬਣਾਉਣ ਅਤੇ ਸਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ।ਇਸ ਪੰਚਾਇਤ ਘਰ ਨੂੰ ਬਣਾਉਣ ਲਈ 32 ਲੱਖ ਦੇ ਕਰੀਬ ਖਰਚ ਕੀਤੇ ਜਾਣਗੇ । ਇਸ ਤੋ ਇਲਾਵਾ ਧਰਮਸੋਤ ਵਲੋਂ ਪਿੰਡ ਫਰੀਦਪੁਰ ਦੀਆਂ ਗਲੀਆਂ,ਨਾਲੀਆਂ ਲਈ 8 ਲੱਖ ਅਤੇ ਲਾਈਟਾ ਲਈ 3.20 ਦੀ ਗਰਾਂਟ ਜਾਰੀ ਕੀਤੀ ਗਈ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਰਪੰਚ ਕਰਮਜੀਤ ਸਿੰਘ ਦੀ ਅਗਵਾਈ "ਚ ਸਰਪੰਚ ਧਰਮਜੀਤ ਕੌਰ ਅਤੇ ਸਮੂਚੀ ਪੰਚਾਇਤ,ਪਤਵੰਤੇ ਸਜਨਾਂ ਨੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਪਿੰਡ ਚ ਪਹੁੰਚਣ ਤੇ ਧੰਨਵਾਦ ਕਰਦਿਆਂ ਕਿਹਾ ਕਿ ਧਰਮਸੋਤ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਕਦੇ ਵੀ ਗ੍ਰਾਂਟ ਦੀ ਕਮੀ ਨਹੀਂ ਆਉਣ ਦਿੱਤੀ । ਉਨ੍ਹਾਂ ਹਮੇਸਾ ਪਿੰਡ ਦੇ ਵਿਕਾਸ ਕਾਰਜ ਪਹਿਲ ਦੇ ਆਧਾਰ ਤੇ ਕਰਵਾਏ ਹਨ ।

ਇਸ ਮੌਕੇ ਬਲਾਕ ਸੰਮਤੀ ਚੇਅਰਮੈਨ ਇੱਛਿਆਮਾਨ ਸਿੰਘ ਭੱਜੋਮਾਜਰੀ, ਪਰਮਜੀਤ ਖੱਟੜਾ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਬੀ.ਡੀ.ਪੀ.ਓ ਅਜੈਬ ਸਿੰਘ ਨਾਭਾ, ਅਮ੍ਰਿਤਵੀਰ ਸਿੰਘ ਚਾਹਲ ਥਾਣਾ ਮੁੱਖੀ ਭਾਦਸੋਂ, ਬਲਾਕ ਸੰਮਤੀ ਮੈਬਰ ਪਰਮਜੀਤ ਕੌਰ, ਚਰਨਜੀਤ ਵਾਤਿਸ ਪੀ.ਏ ਧਰਮਸੋਤ, ਐਕਸ਼ੀਅਨ ਪੰਚਾਇਤੀ ਰਾਜ ਤੇਜਿੰਦਰ ਸਿੰਘ ਮੁਲਤਾਨੀ, ਐਸ.ਡੀ.ਓ ਰਜਿੰਦਰ ਸਿੰਗਲਾ, ਜੇ.ਈ ਅਮਨ ਬਾਸ਼ਲ, ਪੰਚਾਇਤ ਅਫਸਰ ਪ੍ਰਦੀਪ ਕੁਮਾਰ, ਪੰਚਾਇਤ ਸਕੱਤਰ ਹਰਵਿੰਦਰ ਰੰਧਾਵਾ ਤੋ ਇਲਾਵਾ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਰਪੰਚ ਕਰਮਜੀਤ ਸਿੰਘ, ਧਰਮਜੀਤ ਕੌਰ ਸਰਪੰਚ, ਪਰਮਜੀਤ ਕੌਰ ਪੰਚ, ਨਰਿੰਦਰ ਸਿੰਘ ਪੰਚ, ਅਵਤਾਰ ਸਿੰਘ ਪੰਚ, ਰਾਣੀ ਪੰਚ, ਸੁਖਵਿੰਦਰ ਸਿੰਘ ਪੰਚ, ਭਾਈ ਅਮਰਜੀਤ ਸਿੰਘ, ਲਖਵੀਰ ਸਿੰਘ ਮਾਨਸ਼ਾਹੀਆ, ਬਲਵਿੰਦਰ ਸਿੰਘ ਨੰਬਰਦਾਰ, ਤਰਲੋਚਨ ਸਿੰਘ ਫੌਜੀ, ਗੋਬਿੰਦਰ ਸਿੰਘ ਮਾਨਸ਼ਾਹੀਆ, ਗੁਰਿੰਦਰਜੀਤ ਸਿੰਘ ਮਾਨਸ਼ਾਹੀਆ, ਨਾਜਰ ਖਾਂ, ਦੀਪਿੰਦਰ ਸਿੰਘ ਮਾਨਸ਼ਾਹੀਆ ਅਤੇ ਪਿੰਡ ਵਾਸੀ ਹਾਜਰ ਸਨ ।

# ਮੰਚ ਦਾ ਮੰਤਵ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ : ਮੀਲੂ, ਧੀਮਾਨ



ਪਰਮਜੀਤ ਸਿੰਘ ਧੀਮਾਨ

ਖੰਨਾ, 6 ਅਗਸਤ: ਪੰਜਾਬੀ ਸਾਹਿਤ-ਸੱਭਿਆਚਾਰਕ ਮੰਚ ਖੰਨਾ ਵਲੋਂ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਕਾਰਜ ਨੂੰ ਜਾਰੀ ਰੱਖਦਿਆਂ ਪੁਸਤਕ ਨੂੰ ਲੇਖਕ ਤੋਂ ਪਾਠਕ ਤੱਕ ਅਤੇ ਫਿਰ ਪਾਠਕ ਤੋਂ ਪਾਠਕ ਤੱਕ ਸਫਰ 'ਤੇ ਤੋਰਣ ਦੀ ਲੜੀ ਤਹਿਤ ਨਾਟਕਕਾਰ ਸਤਿੰਦਰ ਸਿੰਘ ਨੰਦਾ ਦੇ ਜੀਵਨ ਕਾਲ ਨਾਲ ਸਬੰਧਤ ਸੇਧ ਤੇ ਪ੍ਰੇਰਨਾ ਪ੍ਰਾਪਤ ਕਰਨ ਵਾਲੀਆਂ ਰਚਨਾਵਾਂ ਦਾ ਡਾ. ਅਮਰ ਕੋਮਲ ਵੱਲੋਂ ਕੀਤਾ ਸੰਗ੍ਰਿਹ "ਸਾਕ ਸੁਨੇਹੜੇ" ਸਾਹਿਤਕਾਰ, ਪੱਤਰਕਾਰ ਤੇ ਫਿਲਮ ਨਿਰਮਾਤਾ ਤੇਲੂ ਰਾਮ ਕੁਹਾੜਾ ਨੂੰ ਬੜੇ ਅਦਬ ਸਤਿਕਾਰ ਨਾਲ ਮੰਚ ਵੱਲੋਂ ਸੰਚਾਲਕ ਸਨੇਹਇੰਦਰ ਮੀਲੂ ਵੱਲੋਂ ਭੇਟ ਕੀਤੀ ਗਈ। ਇਸ ਮੌਕੇ ਸਨੇਹਇੰਦਰ ਮੀਲੂ ਫਰੌਰ ਤੇ ਮੰਚ ਦੇ ਪ੍ਰਧਾਨ ਪਰਮਜੀਤ ਸਿੰਘ ਧੀਮਾਨ ਨੇ ਕਿਹਾ ਕਿ ਇਸ ਕਿਤਾਬ 'ਸਾਕ ਸੁਨੇਹੜੇ' ਵਿਚ ਆਧਿਆਪਕਾਂ, ਗੁਰੂਆਂ, ਅਫਸਰਾਂ, ਦੋਸਤਾਂ-ਮਿੱਤਰਾਂ ਅਤੇ ਜਾਣਕਾਰਾਂ ਨੇ ਨਾਟਕਕਾਰ ਸਤਿੰਦਰ ਸਿੰਘ ਨੰਦਾ ਜੀ ਦੇ ਆਤਮਿਕ ਗੁਣਾਂ ਅਥਵਾ ਉਨ੍ਹਾਂ ਦੀ ਨਾਟ ਕਲਾ ਸੰਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਤਿੰਦਰ ਨੰਦਾ ਦੇ ਜੀਵਨ ਕਾਲ ਨੂੰ ਦਰਸਾਉਂਦੀ ਇਹ ਪੁਸਤਕ ਲੇਖਕਾਂ ਅਤੇ ਪਾਠਕ ਲਈ ਬਹੁਤ ਹੀ ਜਾਣਕਾਰੀ ਭਰਪੂਰ ਹੈ। ਉਨ੍ਹਾਂ ਕਿਹਾ ਕਿ ਮੰਚ ਦਾ ਮੰਤਵ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਕੇ ਨੌਜਵਾਨ ਪੀੜ੍ਹੀ ਨੂੰ ਪੁਸਤਕਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਹੈ।

# ਆਟੋ ਵਰਕਰਜ਼ ਯੂਨੀਅਨ ਹੁਸ਼ਿਆਰਪੁਰ (ਸੀਟੂ) ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

## ਜੇਕਰ ਟਰਾਂਸਪੋਰਟਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਹੋਵੇਗਾ ਤਿੱਖਾ ਸੰਘਰਸ਼ : ਮਹਿੰਦਰ ਕੁਮਾਰ ਬੱਢੋਆਣਾ

ਬਲਵੀਰ ਸੈਣੀ

ਹੁਸ਼ਿਆਰਪੁਰ, 6 ਅਗਸਤ: ਅੱਜ ਇੱਥੇ ਆਲ ਇੰਡੀਆ ਟ੍ਰਾਂਸਪੋਰਟ ਵਰਕਰ ਯੂਨੀਅਨ ਅਤੇ ਆਲ ਇੰਡੀਆਂ ਸੀਟੂ ਦੇ ਸੱਦੇ ਤੇ ਡੀਜਲ-ਪੈਟੋਰਲ ਦੇ ਵਾਧੇ ਵਿਰੁੱਧ ਮੋਟਰ ਵਹੀਕਲ ਐਕਟ ਰੱਦ ਕਰਾਉਣ ਲਈ, ਨਿੱਜੀਕਰਨ ਦੇ ਵਿਰੁੱਧ ਆਟੋ ਵਰਕਰਜ ਯੂਨੀਅਨ ਹੁਸ਼ਿਆਰਪੁਰ ਵਲੋਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੀਟੂ ਦੇ ਜਿਲ੍ਹਾ ਜਨਰਲ ਸਕੱਤਰ ਮਹਿੰਦਰ ਕੁਮਾਰ ਬੱਢੋਆਣਾ ਅਤੇ ਧਨਪੱਤ ਨੇ ਕਿਹਾ ਕਿ ਡੀਜਲ-ਪੈਟਰੋਲ ਦੀਆਂ ਕੀਮਤਾਂ 'ਚ ਅਥਾਹ ਵਾਧਾ ਕਰਕੇ ਲੋਕਾਂ ਦਾ ਕਚੂਬਰ ਕਢਿਆ ਗਿਆ ਹੈ। ਜਦੋਂ ਕਿ ਉੱਤਰ ਰਾਸ਼ਟਰੀ ਪੱਧਰ ਤੇ ਕੱਚੇ ਤੇਲ ਦੀਆ ਕੀਮਤਾਂ ਬਹੁਤ ਹੇਠਾ ਆਈਆਂ ਹਨ। ਮੋਟਰ ਵਹੀਕਲ ਐਕਟ ਜਿਸ ਨਾਲ ਟ੍ਰਾਂਸਪੋਰਟਰਾਂ ਦਾ ਸਾਰਾ ਕੰਮ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਜਾਵੇਗਾ ।ਜਿਸ ਨਾਲ ਗੱਡੀਆਂ ਦੀ ਰਜਿਸਟਰੇਸ਼ਨ, ਲਾਇਸੈਂਸ, ਪਾਸਿੰਗ ਅਤੇ ਕਾਗਜੀ ਕੰਮ ਜਿਨ੍ਹਾਂ ਰਾਹੀਂ ਪ੍ਰਾਈਵੇਟ ਕੰਪਨੀਆਂ ਮਨਮਾਨੇ ਢੰਗ ਨਾਲ ਵੱਡੀ ਲੁੱਟ ਕਰਨਗੀਆਂ। ਇਹ ਕੰਪਨੀਆਂ ਭਾਰੀ ਜੁਰਮਾਨੇ ਵੀ ਆਪਣੀ ਮਰਜੀ ਨਾਲ ਕਰਨਗੀਆਂ। ਇਸ ਤਰ੍ਹਾਂ ਟ੍ਰਾਂਸਪੋਰਟ ਕਾਮਿਆਂ ਦੀ ਲੁੱਟ ਤਿੱਖੀ ਹੋਵੇਗੀ। ਆਗੂਆਂ ਨੇ ਕਿਹਾ ਕਿ ਡੀਜਲ-ਪੈਟਰੋਲ



ਨੂੰ ਜੀ.ਐਸ.ਟੀ. ਦੇ ਘੇਰੇ ਵਿੱਚ ਲਿਆਂਦਾ ਜਾਵੇ। ਮੋਟਰ ਵਹੀਕਲ ਐਕਟ ਰੱਦ ਕੀਤਾ ਜਾਵੇ। ਫਾਇਨਾਂਸ ਕੰਪਨੀਆਂ ਵਲੋਂ ਲੋਨ ਤੇ ਲਈਆਂ ਗੱਡੀਆਂ ਲਾਕ ਡਾਉਨ ਕਰਕੇ ਕਿਸ਼ਤਾਂ ਨਹੀਂ ਲਈਆ ਪਰ ਡੇਢ-ਡੇਢ ਗੁਣਾ ਜੁਰਮਾਨੇ ਲਾ ਕੇ ਟ੍ਰਾਂਸਪੋਰਟਾ ਨੂੰ ਭੇਜੀਆਂ ਕਿਸ਼ਤਾਂ ਨਾਲ ਉਨ੍ਹਾਂ ਦਾ ਆਰਥਿਕ ਨੁਕਸਾਨ ਕੀਤਾ ਜਾ ਰਿਹਾ ਹੈ। ਜਦੋਂ ਕਿ ਲਾਕ-ਡਾਉਨ ਕਰਕੇ ਮੋਦੀ ਸਰਕਾਰ ਨੇ ਜੁਰਮਾਨਿਆਂ ਤੋਂ ਛੋਟ ਦਿੱਤੀ ਹੋਈ ਸੀ ਅਤੇ ਨਾਲ ਹੀ ਗੱਡੀਆਂ ਦੇ ਕਾਗਜ ਪਹਿਲਾਂ 30-6-2020 ਅਤੇ ਬਾਅਦ ਵਿੱਚ 30-9-2020 ਤੱਕ ਉਸੇ ਹੀ ਤਰ੍ਹਾਂ ਵੈਲਡ ਕਰਾਰ ਦਿੱਤੇ ਗਏ ਸਨ ।ਪਰ ਫੈਕਟਰੀਆਂ ਵਾਲੇ ਪ੍ਰਦੂਸਣ ਕਾਰਡ ਤੇ ਇਤਰਾਜ ਲਾ ਕੇ ਗੱਡੀ ਲੋਡ ਹੋਣ ਤੋਂ ਅੰਦਰ ਇੰਟਰੀ ਤੇ ਰੋਕ ਲਾ ਰਹੇ ਹਨ। ਜਿਸ ਦੀ ਆਗੂਆਂ ਨੇ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਵੱਖ ਵੱਖ ਰਾਜਾਂ ਦੇ ਆਰ.ਟੀ.ਓ. ਸਰਕਾਰ ਦੇ ਇੰਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹਨ। ਆਗੂਆਂ ਮੰਗ ਕੀਤੀ ਕਿ ਵਿਹਲੇ ਬੈਠੇ ਪ੍ਰਾਂਸਪੋਰਟਰਾਂ ਦੇ ਖਾਤਿਆਂ ਵਿੱਚ ਪ੍ਰਤੀ ਮਹੀਨਾ 7500/- ਰੁਪਏ ਪਾਏ ਜਾਣ। ਜਿਹੜੇ ਜੁਰਮਾਨੇ ਫਾਇਨਾਂਸ ਕੰਪਨੀਆਂ ਨੇ ਲਾਏ ਹਨ ਤੁਰੰਤ ਵਾਪਿਸ ਕੀਤੇ ਜਾਣ, ਨਿੱਜੀਕਰਨ, ਠੇਕੇਦਾਰੀ ਪ੍ਰਬੰਧ ਤਹਿਤ ਮੋਦੀ ਸਰਕਾਰ ਦੇਸ਼ ਨੂੰ ਵੇਚਣਾ ਬੰਦ ਕਰੇ। ਇਸ ਮੌਕੇ ਬ੍ਰਜਿ ਪਾਲ, ਦਲਜੀਤ ਸਿੰਘ, ਅਮਰਜੀਤ ਸਿੰਘ, ਹਰਬੰਸ ਸਿੰਘ, ਕੁਲਵਿੰਦਰ ਸਿੰਘ, ਰਾਜ ਕੁਮਾਰ, ਸੁਰਿੰਦਰ ਸਿੰਘ, ਗੁਰਦੇਵ ਸਿੰਘ, ਨੇ ਵੀ ਸੰਬੋਧਨ ਕੀਤਾ।

# ਰਾਜਪਾਲ ਪੰਜਾਬ ਦੇ ਨਾਂ ਬਸਪਾ ਆਗੂਆਂ ਨੇ ਦਿੱਤਾ ਤਹਿਸੀਲਦਾਰ ਨੂੰ ਮੰਗ-ਪੱਤਰ



ਪਵਨਜੀਤ ਸਿੰਘ ਲਾਂਬਾ

ਖਮਾਣੋਂ, 6 ਅਗਸਤ : ਬਸਪਾ ਆਗੂਆਂ ਨੇ ਰਾਜਪਾਲ ਪੰਜਾਬ ਦੇ ਨਾਮ ਤਹਿਸੀਲਦਾਰ ਖਮਾਣੋਂ ਮਨਜੀਤ ਸਿੰਘ ਰਾਜਲਾ ਨੂੰ ਮੰਗ ਪੱਤਰ ਦਿੱਤਾ। ਮੰਗ ਪੱਤਰ ਵਿੱਚ ਉਹਨਾਂ ਕਿਹਾ ਕੇ ਪਿਛਲੇ ਦਿਨੀਂ ਸਰਾਬ ਪੀਣ ਕਾਰਨ ਕਈ ਪਰਿਵਾਰਾਂ ਦੇ 100 ਤੋਂ ਵੱਧ ਵਿਅਕਤੀਆਂ ਦੀ ਮੌਤ ਹੋਈ ਸੀ। ਜਿਸ ਦਾ ਵਿਰੋਧ ਕਰਦੇ ਹੋਏ ਬਹੁਜਨ ਸਮਾਜ ਪਾਰਟੀ ਨੇ ਖਮਾਣੋਂ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਪੁਤਲਾ ਫੂਕਿਆ। ਜਤਿੰਦਰ ਸਿੰਘ ਬਰਬਾਲੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ । ਜੋ ਜਹਿਰੀਲੀ ਸਰਾਬ ਨਾਲ ਕਈ ਘਰਾਂ ਦੇ ਪੁੱਤ ਆਪਣੀ ਜਾਨਾਂ ਗਵਾ ਚੁੱਕੇ ਹਨ। ਉਸ ਦਾ ਬਹੁਜਨ ਸਮਾਜ ਪਾਰਟੀ ਡੱਟ ਕੇ ਵਿਰੋਧ ਕਰਦੀ ਹੈ। ਅੱਗੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਗਰੀਬ ਪਰਿਵਾਰਾਂ ਨੂੰ ਬਣਦੀਆਂ ਸਹੂਲਤਾਂ ਦੇਣ ਤੋਂ ਕੋਹਾਂ ਦੂਰ ਭੱਜ ਰਹੀ ਹੈ, ਉਨਾਂ ਕਿਹਾ ਕਿ ਪੰਜਾਬ ਵਿੱਚ ਸਰਾਬ ਮਾਫੀਆ ਪੂਰੀ ਤਰ੍ਹਾਂ ਨਾਲ ਬੇਖੌਫ ਹੋ ਕੇ ਚੱਲ ਰਹੇ ਹਨ। ਬਹੁਜਨ ਸਮਾਜ ਪਾਰਟੀ ਖਮਾਣੋਂ ਦੇ ਵਰਕਰਾਂ ਨੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਾਉਂਦੇ ਹੋਏ ਚੌਕ ਵਿੱਚ ਮੁੱਖ ਮੰਤਰੀ ਦਾ ਪੁਤਲਾ ਫੂਕਿਆ। ਇਸ ਮੌਕੇ ਜਤਿੰਦਰ ਸਿੰਘ ਬਰਬਾਲੀ (ਜਿਲਾ ਪ੍ਰਧਾਨ) ਕੁਲਵੰਤ ਸਿੰਘ, ਮਹਿੰਦਰ ਸਿੰਘ ਜਟਾਣਾ, ਕੇਸਰ ਸਿੰਘ ਭਾਂਬਰੀ, ਜਸਮੇਲ ਸਿੰਘ ਬਿਲਾਸਪੁਰ, ਹਰੀ ਸਿੰਘ ਧਨੌਲਾ, ਕਰਮਜੀਤ ਸਿੰਘ ਬਰਬਾਲੀ, ਭੀਮ ਸਿੰਘ ਮਾਣਕੀ, ਦਲਬਾਰਾ ਸਿੰਘ ਭਾਂਬਰੀ, ਗੁਰਪ੍ਰੀਤ ਸਿੰਘ ਸਮਰਾਲਾ, ਬੂਟਾ ਸਿੰਘ ਬਿਲਾਸਪੁਰ ਆਦਿ ਹਾਜ਼ਰ ਸਨ।

# ਪੰਜਾਬ ਦੇ ਪੈਨਸ਼ਨਰ 18 ਨੂੰ ਜਲੰਧਰ ਰੈਲੀ 'ਚ ਸਰਕਾਰ ਵਿਰੁੱਧ ਸੰਘਰਸ਼ ਵਿੱਢਣਗੇ : ਅਜਨਾਲਾ

ਜੋਗਿੰਦਰ ਪਾਲ ਸਿੰਘ ਕੰਦਰਾ

ਅੰਮ੍ਰਿਤਸਰ, 6 ਅਗਸਤ : ਪੰਜਾਬ ਦੀ ਕੈਪਟਨ ਸਰਕਾਰ ਵਲੋਂ ਪੈਨਸ਼ਨਰਾ ਅਤੇ ਮੁਲਾਜ਼ਮਾ ਦਾ ਡੀ ਏ ਬੰਦ ਕਰਨ , ਪੁਰਾਣੀ ਪੈਨਸ਼ਨ ਬਹਾਲ ਨਾਂ ਕਰਨ , ਨਵੀਂ ਭਰਤੀ ਕੇਂਦਰੀ ਪੈਟਰਨ ਦੇ ਗਰੇਡ ਵਿਚ ਕਰਨੀ , ਠੇਕੇਦਾਰੀ ਪ੍ਰਣਾਲੀ ਲਾਗੂ ਕਰਨਾ ਅਤੇ ਠੇਕੇ ਤੇ ਰਖੇ ਮੁਲਾਜ਼ਮਾ ਨੂੰ ਰੈਗੂਲਰ ਨਾਂ ਕਰਨਾ ਆਦਿ ਕੀਤੇ ਜਾ ਰਹੇ ਹਮਲਿਆਂ ਨੂੰ ਹੁਣ ਪੰਜਾਬ ਦੇ ਪੈਨਸ਼ਨਰ ਅਤੇ ਮੁਲਾਜ਼ਮ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੌਰਮਿੰਟ ਪੈਨਸ਼ਨਰਜ ਯੂਨੀਅਨ ਪੰਜਾਬ ਦੇ ਪ੍ਰਧਾਨ ਸਾਥੀ ਸੁਚਾ ਸਿੰਘ ਅਜਨਾਲਾ , ਮੀਤ ਪ੍ਰਧਾਨ ਨਰਿੰਦਰ ਪਾਲ ਚਮਿਆਰੀ , ਜਨਰਲ ਸਕਤਰ ਪ੍ਰੇਮ ਰਕੜ ਨੇ ਅਜ ਪ੍ਰੈਸ ਦੇ ਨਾਂ ਜਾਰੀ ਕੀਤੇ ਬਿਆਨ ਰਾਹੀਂ ਕਰਦਿਆਂ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਆਮ ਲੋਕਾਂ ਦੀ ਜਮਹੂਰੀਅਤ ਖਤਮ ਕਰਕੇ ਜਥੇਬੰਦੀਆ ਦੇ ਸੰਘਰਸ਼ ਨੂੰ ਸਰਕਾਰ ਵਲੋਂ ਤਾਰਪੀਡੋ ਕੀਤਾ ਜਾ ਰਿਹਾ ਹੈ ਪ੍ਰੰਤੂ " ਜਬੈ ਬਾਣ ਲਾਗੈ ਤਬੈ ਰੋਸ ਜਾਗੈ " ਅਨੁਸਾਰ ਪੰਜਾਬ ਦੇ ਮੁਲਾਜ਼ਮਾ ਅਤੇ ਪੈਨਸ਼ਨਰਾ ਵਿਚ ਸਰਕਾਰਾਂ ਦੀਆਂ ਅਜਿਹੀਆਂ ਤਾਨਾਸ਼ਾਹੀ ਹਰਕਤਾਂ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ ।

ਸਾਥੀ ਅਜਨਾਲਾ ਨੇ ਕਿਹਾ ਕਿ 18 ਅਗਸਤ ਨੂੰ ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਵਲੋਂ ਜਲੰਧਰ ਦੇ ਸੀਟੂ ਦਫ਼ਤਰ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ ਜਿਸ ਵਿਚ ਪੰਜਾਬ ਸਰਕਾਰ ਵਲੋਂ ਆਪਣੇ ਪੈਨਸ਼ਨਰਾ ਅਤੇ ਮੁਲਾਜ਼ਮਾ ਨਾਲ ਕੀਤੀਆਂ ਜਾ ਰਹੀਆਂ ਧਕੇਸ਼ਾਹੀਆ ਨੂੰ ਰੋਕਣ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਵਿਢੇ ਜਾਣ ਵਾਲੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ । ਸਾਥੀ ਅਜਨਾਲਾ ਨੇ ਯੂਨੀਅਨ ਦੀਆਂ ਸਾਰੀਆਂ ਜਿਲ੍ਹਾ ਕਮੇਟੀਆਂ ਦੇ ਮੈਂਬਰਾਂ ਨੂੰ ਸਾਥੀਆਂ ਸਮੇਤ 18 ਅਗਸਤ ਨੂੰ ਠੀਕ 11 ਵਜੇ ਰੈਲੀ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ । ਇਸ ਮੌਕੇ ਮੀਤ ਪ੍ਰਧਾਨ ਮਹਾਂ ਸਿੰਘ ਰੋੜੀ , ਜੀਤਾ ਸਿੰਘ ਮੋਗਾ , ਗੁਰਚਰਨ ਸਿੰਘ ਫਿਰੋਜ਼ਪੁਰ , ਮਾਇਆਧਾਰੀ ਗੁਰਦਾਸਪੁਰ , ਸ਼ੇਰ ਜੰਗ ਬਹਾਦੁਰ ਹੁਸ਼ਿਆਰ ਪੁਰ , ਪ੍ਰਸ਼ੋਤਮ ਲਾਲ ਬਿਲਗਾ ਆਦਿ ਸਾਥੀ ਹਾਜ਼ਰ ਸਨ ।

ਇਸ ਦੌਰਾਨ ਯੂਨੀਅਨ ਦੇ ਜਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸਾਥੀ ਦੀਨਾ ਨਾਥ ਚੌਹਾਨ ਨੇ ਯੂਨੀਅਨ ਦੀ ਜਿਲ੍ਹਾ ਇਕਾਈ ਦੀ ਜਰੂਰੀ ਮੀਟਿੰਗ 12 ਅਗਸਤ ਨੂੰ ਅੰਮ੍ਰਿਤਸਰ ਦੇ ਸੀਟੂ ਦਫਤਰ ਵਿਖੇ 18 ਅਗਸਤ ਨੂੰ ਜਲੰਧਰ ਵਿਚ ਹੋ ਰਹੀ ਰੈਲੀ ਦੀ ਤਿਆਰੀ ਲਈ ਸਦ ਲਈ ਹੈ ਜਿਸ ਵਿਚ ਜਲੰਧਰ ਦੀ ਰੈਲੀ ਵਿਚ ਸ਼ਾਮਲ ਹੋਣ ਲਈ ਜਰੂਰੀ ਵਿਚਾਰਾਂ ਕੀਤੀਆਂ ਜਾਣਗੀਆ।

# ਜ਼ਹਿਰੀਲੀ ਸ਼ਰਾਬ ਮਾਮਲੇ ਵਿਚ ਅਕਾਲੀ ਦਲ ਵਲੋਂ ਕੀਤਾ ਜਾ ਰਿਹਾ ਗੁਮਰਾਹਕੁੰਨ ਪ੍ਰਚਾਰ : ਜਗਰੂਪ

ਸਿੰਬਲਪ੍ਰੀਤ ਸਿੰਘ ਸਹੋਤਾ

ਤਰਨ ਤਾਰਨ, 6 ਅਗਸਤ: ਅਕਾਲੀ ਦਲ ਦੇ ਆਗੂ ਬਿਨਾਂ ਵਜ੍ਹਾ ਜ਼ਹਿਰੀਲੀ ਸ਼ਰਾਬ ਦੇ ਮਾਮਲੇ ਵਿਚ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਅਕਸ ਨੂੰ ਖਰਾਬ ਕਰਨ ਦੇ ਯਤਨ ਕਰ ਰਹੇ ਹਨ। ਜਦ ਹਲਕੇ ਦੇ ਲੋਕ ਇਸ ਗਲ ਤੋਂ ਜਾਣੂ ਹਨ ਸਿੱਕੀ ਇਕ ਸੱਚੇ ਸਿੱਖ ਹਨ ਜਿਹੜੇ ਕਿ ਇਹੋ ਜਿਹਾ ਘਟੀਆ ਕੰਮ ਕਦੇ ਵੀ ਨਹੀਂ ਕਰ ਸਕਦੇ। ਇੰਨਾ ਸ਼ਬਦਾਂ ਦਾ ਪ੍ਰਗਟਾਵਾ ਨੌਜਵਾਨ ਸਰਪੰਚ ਜਗਰੂਪ ਸਿੰਘ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕਸ਼ਮੀਰ ਸਿੰਘ ਸ਼ੀਰਾ, ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦੇ ਮਾਮਲੇ ਵਿੱਚ ਲੋੜੀਦਾ ਦੋਸ਼ੀ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਕ ਹੈ ਤੇ ਉਸਨੇ ਅਕਾਲੀ ਦਲ ਵਲੋਂ ਬਲਾਕ ਦੀ ਚੋਣ ਵੀ ਲੜੀ ਹੋਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਘਟੀਆ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ ਪੀਏ ਜਰਮਨਜੀਤ ਸਿੰਘ ਕੰਗ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਮਨਜੀਤ ਸਿੰਘ ਸਿੱਕੀ ਨੇ ਹਮੇਸ਼ਾ ਹੀ ਲੋੜਵੰਦਾਂ ਦੀ ਬਾਂਹ ਫੜੀ ਹੈ ਤੇ ਆਪਣੀ ਜੇਬ ਵਿਚੋ ਲੋਕ ਭਲਾਈ ਦੇ ਕੰਮ ਹਲਕੇ ਵਿਚ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਉਹਨਾਂ ਦੇ ਪੀਏ ਜਰਮਨਜੀਤ ਸਿੰਘ ਕੰਗ ਤੇ ਲਾਏ ਜਾ ਰਹੇ ਸਾਰੇ ਦੋਸ਼ ਬੇਬੁਨਿਆਦ ਹਨ ਤੇ ਅਕਾਲੀ ਦਲ ਵਲੋਂ ਵੋਟਾਂ ਲਈ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਮੈਂਬਰ ਬਲਦੇਵ ਸਿੰਘ, ਬਾਬਾ ਸੰਤੋਖ ਸਿੰਘ, ਜੁਗਰਾਜ ਸਿੰਘ,ਲਬਜੀਤ ਸਿੰਘ, ਚੰਦ ਸਿੰਘ, ਵਰਿੰਦਰਪਾਲ ਸਿੰਘ, ਸ਼ਰਨਜੀਤ ਸਿੰਘ ਸੰਨੀ ਆਦਿ ਹਾਜਰ ਸਨ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਗਾਇਨ ਮੁਕਾਬਲਿਆਂ ਦੇ ਨਤੀਜੇ ਐਲਾਨ



ਫਤਿਹ ਪ੍ਰਭਾਕਰ

ਸੰਗਰੂਰ 6 ਅਗਸਤ : -ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ 'ਚ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਿੱਖਿਆ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਦੀ ਅਗਵਾਈ ਅਤੇ ਸਕੱਤਰ ਸਕੂਲ ਸਿੱਖਿਆ ਸ੍ਰੀ ਕ੍ਰਿਸ਼ਨ ਕੁਮਾਰ ਦੀ ਦੇਖਰੇਖ ਵਿੱਚ ਚਲ ਰਹੇ ਸ਼ਬਦ ਗਾਇਨ ਮੁਕਾਬਲਿਆਂ ਦੇ ਪੰਜਾਬ ਪੱਧਰ ਤੇ ਨਤੀਜਿਆਂ ਦਾ ਐਲਾਣ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਮਲਕੀਤ ਸਿੰਘ ਨੇ ਦਿੱਤੀ। ਸ੍ਰੀ ਮਲਕੀਤ ਸਿੰਘ ਨੇ ਦੱਸਿਆ ਕਿ ਸ਼ਬਦ ਗਾਇਨ ਮੁਕਾਬਲਿਆਂ 'ਚ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲ ਇਮਾਮਗੜ੍ਹ ਦੀ 7ਵੀਂ ਕਲਾਸ ਦੀ ਵਿਦਿਆਰਥਣ ਪੰਜਾਬ ਭਰ ਅੰਦਰ ਦੂਜਾ ਸਥਾਨ ਹਾਸਿਲ ਕਰਕੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸੈਕੰਡਰੀ ਵਰਗ ਦੀ ਕੈਟਾਗਿਰੀ 'ਚ ਭਾਗ ਲਿਆ ਸੀ। ਉਨ੍ਹਾਂ ਮੁੱਖ ਅਧਿਆਪਕ ਮੁਹੰਮਦ ਯਾਕੂਬ ਚੌਧਰੀ ਅਤੇ ਵਿਦਿਆਰਥਣ ਦੇ ਪਰਿਵਾਰਕ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਓਮ ਪ੍ਰਕਾਸ਼ ਸੇਤੀਆ ਨੇ ਵਿਦਿਆਰਥਣ ਤਾਨੀਆ ਅਤੇ ਉਸਦੇ ਮਾਤਾ ਪਿਤਾ ਨੂੰ ਇਸ ਜਿੱਤ ਲਈ ਵਧਾਈ ਦਿੱਤੀ। ਜ਼ਿਲ੍ਹਾਂ ਨੋਡਲ ਅਫ਼ਸਰ, ਸੁਖਵਿੰਦਰ ਕੌਰ ਸਿੱਧੂ ਨੇ ਇਸ ਵਿਦਿਆਰਥਣ ਦੀ ਤਿਆਰੀ ਕਰਵਾਉਣ ਵਾਲੀ ਅਧਿਆਪਕਾ ਕਮਲਜੀਤ ਕੌਰ ਨੂੰ ਇਸ ਸਫ਼ਲਤਾ ਲਈ ਵਧਾਈ ਦਿੱਤੀ।

# ਪੀ.ਐਨ.ਬੀ. ਅਧਿਕਾਰੀਆਂ ਨੇ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕਰਨ ਦਾ ਵਫ਼ਦ ਨੂੰ ਯਕੀਨ ਦਿਵਾਇਆ

ਬਲਵੀਰ ਸੈਣੀ

ਹੁਸ਼ਿਆਰਪੁਰ, 6 ਅਗਸਤ : ਪੰਜਾਬ ਨੈਸ਼ਨਲ ਬੈਂਕ ਦੇ ਸਰਕਲ ਦਫਤਰ, ਸਕੀਮ ਨੰ:-11 ਹੁਸ਼ਿਆਰਪੁਰ ਵਿਖੇ ਪੰਜਾਬ ਸਟੇਟ ਪੈਨਸ਼ਨਰਜ ਕਨਫੈਡਰੇਸ਼ਨ ਦੇ ਸਬਾਈ ਚੇਅਰਮੈਨ ਮਹਿੰਦਰ ਸਿੰਘ ਪਰਵਾਨਾ ਦੀ ਅਗਵਾਈ ਵਿੱਚ, ਜਿਲ੍ਹਾ ਪ੍ਰਧਾਨ ਪੈਨਸ਼ਰਜ ਵੈਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ ਅਤੇ ਕਮਲਜੀਤ ਸਿੰਘ ਕਾਰਜਕਾਰੀ ਮੈਂਬਰ ਦੇ ਅਧਾਰਿਤ ਇੱਕ ਵਫਦ ਪੰਜਾਬ ਨੈਸ਼ਨਲ ਬੈਂਕਾਂ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਸਬੰਧ ਵਿੱਚ ਪੰਜਾਬ ਨੈਸ਼ਨਲ ਬੈਂਕ ਹੁਸ਼ਿਆਰਪੁਰ ਦੇ ਸਰਕਲ ਹੈਡ, ਸ੍ਰੀ ਆਰ.ਕੇ. ਵਾਜਪਾਈ ਦੀ ਸਰਪ੍ਰਸਤੀ ਹੇਠ ਸ੍ਰੀ ਜਗਜੀਤ ਸਿੰਘ ਚੀਫ ਮੈਨੇਜਰ, ਕੁਲਬੀਰ ਸਿੰਘ ਅਤੇ ਤਜਿੰਦਰ ਕੌਰ ਪੈਨਸ਼ਨਰਾਂ ਨੂੰ ਡੀਲ ਕਰਨ ਵਾਲੇ ਅਧਿਕਾਰੀਆਂ ਦੀ ਹਾਜਰੀ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਸਬੰਧ ਵਿੱਚ ਮਿਲਿਆ। ਪਹਿਲਾਂ ਅਧਿਕਾਰੀ ਮੀਟਿੰਗ ਕਰਨ ਲਈ ਆਨਾਕਾਨੀ ਕਰਦੇ ਦਿਸੇ, ਪਰ ਜੱਥੇਬੰਦੀ ਵਲੋਂ ਵਿਰੋਧ ਦਰਜ ਕਰਾਉਣ ਤੇ ਮੀਟਿੰਗ ਸੰਭਵ ਹੋ ਸਕੀ। ਜਿਕਰ ਯੋਗ ਹੈ ਕਿ ਜਿਲ੍ਹੇ ਵਿੱਚ ਪੀ.ਐਨ.ਬੀ. ਦੀਆਂ 99 ਬ੍ਰਾਂਚਾਂ ਹਨ ।ਆਗੂਆਂ ਨੇ ਮੰਗ ਕੀਤੀ ਕਿ ਬੈਂਕ ਵਲੋਂ ਸਬੰਧਤ ਬ੍ਰਾਂਚਾਂ ਨੂੰ ਪੈਨਸ਼ਨਰਾਂ ਦੀ ਅਗਵਾਈ ਲਈ ਪੱਤਰ ਜਾਰੀ ਕੀਤਾ ਜਾਵੇ। ਜਿਸ ਅਨੁਸਾਰ ਜਦੋਂ ਵੀ ਕੋਈ ਪੀ.ਪੀ.ਓ. ਜਾਂ ਰੀਵਾਈਜ ਪੀ.ਪੀ.ਓ. ਬ੍ਰਾਂਚ ਵਿੱਚ ਪੁਜਦਾ ਹੈ ਤਾਂ ਉਸ ਨੂੰ 7 ਦਿਨਾਂ ਦੇ ਅੰਦਰ ਅੰਦਰ ਸੀ.ਪੀ.ਪੀ.ਸੀ. ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਆਗੂਆਂ ਨੇ ਦਸਿਆ ਕਿ ਇਸ ਸਮੇਂ ਭੁੰਗਾ ਬ੍ਰਾਂਚ ਵਿੱਚ 7-8 ਪੈਨਸਨਰਾਂ ਦੇ ਪੀ.ਪੀ.ਓ./ਰੀਵਾਈਜ ਪੀ.ਪੀ.ਓ. ਜੋ ਖਜਾਨਾ ਦਫਤਰ ਵਲੋਂ ਸੱਤ ਮਹੀਨੇ ਬਾਅਦ ਜਨਵਰੀ 2020 ਨੂੰ ਸੀ.ਪੀ.ਪੀ.ਸੀ. ਨੂੰ ਭੇਜੇ ਗਏ।ਜਿਸ ਦੀ ਲਿਖਤੀ ਸ਼ਿਕਾਇਤ ਵੀ ਦਰਜ ਕਰਵਾਈ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਰਿਵਾਈਜ ਪੀ.ਪੀ.ਓ. ਭੇਜਣ ਸਮੇਂ ਬਣਦਾ ਏਰੀਅਰ ਵੀ ਨਾਲ ਹੀ ਬਣਾ ਕੇ ਭੇਜਿਆ ਜਾਵੇ। ਸੀ.ਪੀ.ਪੀ.ਸੀ. ਨੂੰ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਅਸਲੀ ਪੀ.ਪੀ.ਓ. ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਵੇ। ਸੀ.ਪੀ.ਪੀ.ਸੀ. ਨੂੰ ਹਦਾਇਤ ਭੇਜੀ ਜਾਵੇ ਕਿ ਪੀ.ਪੀ.ਓ. ਦੇ ਕਾਗਜ ਪੁੱਜਣ ਤੇ ਉਸੇ ਮਹੀਨੇ ਹੀ ਪੈਨਸ਼ਨਰ ਨੂੰ ਪੈਨਸਨ ਦੀ ਅਦਾਇਗੀ ਜਾਰੀ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਆਮ ਤੌਰ ਤੇ ਬੈਂਕਾਂ ਵਿੱਚ ਬਜੁਰਗਾਂ/ਸੀਨੀਅਰ ਸਿਟੀਜਨਾਂ ਦੇ ਬੈਠਣ ਅਤੇ ਪੀਣ ਲਈ ਪਾਣੀ ਦੇ ਉਚਿਤ ਪ੍ਰਬੰਧ ਨਹੀਂ ਹਨ, ਇਹ ਯੋਗ ਪ੍ਰਬੰਧ ਕੀਤੇ ਜਾਣੇ ਯਕੀਨੀ ਬਣਾਏ ਜਾਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਵਡੇਰੀ ਉਮਰ ਜਾਂ ਅਪਾਹਜ ਪੈਨਸ਼ਨਰਾਂ ਦਾ ਬੈਂਕ ਵਿੱਚਦਾ ਕੰਮ ਪਹਿਲ ਦੇ ਅਧਾਰ ਤੇ ਕੀਤਾ ਜਾਵੇ। ਬੈਂਕ ਅਧਿਕਾਰੀਆਂ ਨਾਲ ਡੈਪੂਟੇਸ਼ਨ ਦੀ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ ਅਤੇ ਉਨ੍ਹਾਂ ਯਕੀਨ ਦਿਵਾਇਆਂ ਕਿ ਪੈਨਸ਼ਨਰਾਂ ਦੇ ਕੰਮ ਬੈਂਕਾਂ ਵਿੱਚ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ।ਜਿਸ ਲਈ ਜੱਥੇਬੰਦੀ ਨੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਜਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਨੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਬੈਂਕ ਵਿੱਚ ਕੋਈ ਵੀ ਬੈਂਕ ਪ੍ਰਤੀ ਮੁਸ਼ਕਿਲ ਆਉਂਦੀ ਹੈ ਤਾਂ ਲਿਖਤੀ ਤੌਰ ਤੇ ਜਿਲ੍ਹਾ ਪ੍ਰਧਾਨ ਦੇ ਧਿਆਨ ਵਿੱਚ ਲਿਆਂਦੀ ਜਾਵੇ।

# ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਨੇ ਕਾਲਜ ਤੱਕ ਰੋਸ ਮਾਰਚ ਕਰਕੇ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਲਗਾਇਆ ਧਰਨਾ

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਦਾ ਪੁਤਲਾ ਫੂਕਿਆ



ਧਰਮਵੀਰ ਸਿੰਘ

ਧੂਰੀ, 6 ਅਗਸਤ : ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠਾਂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਸ਼ਹੀਦ ਰੰਧਾਵਾ ਦੇ ਸਹਿਯੋਗ ਨਾਲ ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਰੋਹ ਭਰਪੂਰ ਮੁਜ਼ਾਹਰਾ ਕਰਦਿਆਂ ਹੋਇਆਂ ਕਾਲਜ ਅੰਦਰ ਦਾਖਲ ਹੋ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਧਰਨਾ ਦਿੱਤਾ । ਇਸ ਮੌਕੇ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਸ਼ਪਿੰਦਰ ਜਿੰਮੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਪ੍ਰਸ਼ਾਸਨ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀਆਂ ਗਾਈਡ ਲਾਈਨਾਂ ਦੇ ਖਿਲਾਫ ਜਾਂਦੀਆਂ ਹੋਣ ਦਲਿਤ ਵਿਦਿਆਰਥੀਆਂ ਤੋਂ ਪੀਟੀਏ ਫੰਡ ਵਸੂਲਣ ਦਾ ਫ਼ੈਸਲਾ ਲਿਆ ਗਿਆ ਸੀ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸ਼ਾਸਨ ਦੇ ਦਲਿਤ ਵਿਰੋਧੀ ਹੋਣ ਦੇ ਚੇਹਰੇ ਨੂੰ ਬੇਨਕਾਬ ਕਰਦਾ ਹੈ। ਆਗੂ ਨੇ ਕਿਹਾ ਕਿ ਇਹ ਨੋਟਸ ਫੌਰੀ ਵਾਪਸ ਲਿਆ ਜਾਵੇ ਅਤੇ ਸਾਰੇ ਵਿਦਿਆਰਥੀਆਂ ਦਾ ਪੀਟੀਏ ਫੰਡ ਮਾਫ ਕੀਤਾ ਜਾਵੇ, ਮਹਿੰਗੇ ਪ੍ਰਾਸਪੈਕਟ ਜੋ ਕਿ ਵੱਡੀਆਂ ਕੀਮਤਾਂ ਤੇ ਵੇਚੇ ਜਾਂਦੇ ਹਨ, ਇਹ ਲੈਣੇ ਬੰਦ ਕੀਤੇ ਜਾਣੇ ਚਾਹੀਦੇ ਹਨ, ਇਸ ਤੋਂ ਬਿਨਾਂ ਗੈਸਟ ਫਕਿਲਟੀ ਅਧਿਆਪਕਾਂ ਦੀ ਤਨਖ਼ਾਹ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀ ਜਾਵੇ , ਵਿਦਿਆਰਥੀਆਂ ਦੇ ਜਮਹੂਰੀ ਹੱਕ ਕੁਚਲਣੇ ਨੂੰ ਬੰਦ ਕੀਤੇ ਜਾਣ । ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਸਮੇਤ ਉਹਨਾਂ ਦੇ ਮਾਪਿਆਂ ਨੂੰ ਲਾਮਬੰਦ ਕਰਕੇ ਯੂਨੀਵਰਸਿਟੀ ਦਾ ਘੇਰਿਆ ਜਾਵੇਗਾ। ਇਸ ਮੌਕੇ ਪੀਐਸਯੂ ਸ਼ਹੀਦ ਰੰਧਾਵਾ ਦੇ ਆਗੂ ਰਮਨ ਕਾਲਾਝਾੜ, ਪੀਆਰਐਸਯੂ ਦੇ ਜ਼ਿਲ੍ਹਾ ਸਕੱਤਰ ਪਾਰਸਦੀਪ ਸਿੰਘ ਨੇ ਵੀ ਸੰਬੋਧਨ ਕੀਤਾ। ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਹੋਇਆਂ ਕਾਲਜ ਦੇ ਗੇਟ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਦਾ ਪੁਤਲਾ ਫੂਕ ਕੇ ਧਰਨਾ ਸਮਾਪਤ ਕੀਤਾ ਗਿਆ ਹੈ ।

# ਸੇਵਾ ਮੁਕਤ ਬਿਜਲੀ ਕਾਮਿਆਂ ਨੇ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਮੰਨਵਾਉਣ ਲਈ ਸੰਘਰਸ਼ ਦੀ ਕੀਤੀ ਤਿਆਰੀ



ਜੋਗਿੰਦਰ ਸਿੰਘ ਕਿਰਤੀ

ਦੋਰਾਹਾ, 6 ਅਗਸਤ: ਸੇਵਾ ਮੁਕਤ ਬਿਜਲੀ ਕਾਮਿਆ ਦੀ ਜੱਥੇਬੰਦੀ ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ/ਟ੍ਰਾਸਕੋ ਡਵੀਜ਼ਨ ਦੋਰਾਹਾ ਵਲੋਂ ਲੰਮੇ ਸਮੇ ਤੋਂ ਲਟਕਦੀਆ ਮੰਗਾ, ਬਿਜਲੀ ਯੁਨਿਟਾ ਵਿੱਚ ਰਿਆਇਤ ਦੇਣਾ, ਬਿਨ੍ਹਾ ਸ਼ਰਤ ਪੱਕੀ ਭਰਤੀ ਕਰਨਾ, ਠੇਕੇਦਾਰ/ਆਊਟ ਸ਼ੋਰ ਸਿੰਘ ਨੀਤੀ ਰੱਦ ਕਰਨਾ, ਮਿਤੀ 1-1-2016 ਤੋਂ ਪੈਨਸ਼ਨ ਅਤੇ ਸਕੇਲਾਂ ਵਿੱਚ ਸੋਧ ਕਰਨਾ, ਅੱਜ ਤੱਕ ਬਣਦੀਆਂ ਡੇ.ਏ. ਦੀਆਂ ਕਿਸ਼ਤਾਂ ਅਤੇ ਬਕਾਇਆ ਦੇਣਾ, 23 ਸਾਲਾਂ ਇਨਕਰੀਮੈਂਟ ਬਿਨਾਂ ਸ਼ਰਤ ਲਾਗੂ ਕਰਨਾ, ਮੈਡੀਕਲ ਭੱਤਾ 2000 ਪ੍ਰਤੀ ਮਹੀਨਾ ਕਰਨਾ, ਬੁਢਾਪਾ ਅਲਾਂਉਸ ਨੂੰ ਬੇਸਿਕ ਵਿੱਚ ਜੋੜਨਾ ਆਦਿ ਮੰਗਾ ਮੰਨਵਾਉਣ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਦੀ ਤਿਆਰੀ ਲਈ ਡਵੀਜ਼ਨ ਅਧੀਨ ਪੈਂਦੀਆ ਸ/ਡ ਸਿਟੀ ਦੋਰਾਹਾ, ਰਾਮਪੁਰ, ਪਾਇਲ, ਘੁਲੌਟ, ਘੁਡਾਣੀ ਕਲਾਂ, ਗਰਿਡ ਸਬ ਸਟੇਸ਼ਨ ਅਤੇ ਡਵੀਜਨ ਦਫਤਰ ਦੇ ਕਾਮਿਆ ਨੇ ਕਰੋਨਾ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਨੱਕ ਮੂੰਹ ਢੱਕ ਕੇ ਅਤੇ ਆਪਣੀ ਦੂਰੀ ਬਣਾਕੇ ਡਵੀਜਨ ਦਫਤਰ ਵਿੱਚ ਮਹੀਨਾਵਾਰ ਜਰਨਲ ਬਾਡੀ ਦੀ ਮੀਟਿੰਗ ਡਵੀਜਨ ਦੇ ਸੀ.ਮੀਤ ਪ੍ਰਧਾਨ ਤਰਸ਼ੇਮ ਲਾਲ ਦੀ ਪ੍ਰਧਾਨਗੀ ਹੇਠ ਕੀਤੀ ਡਵੀਜਨ ਸਕੱਤਰ ਹਰਭੂਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਮੀਟਿੰਗ ਵਿੱਚ ਸਰਕਲ ਖੰਨਾ ਦੇ ਜੱਥੇਬੰਦਕ ਸਕਤਰ ਹਰਬੰਸ ਸਿੰਘ ਦੋਬੁਰਜੀ, ਦੋਰਾਹਾ ਡਵੀਜਨ ਦੇ ਮੀਤ ਪ੍ਰਧਾਨ ਪ੍ਰੀਤਪਾਲ ਸਿੰਘ, ਸਹਾਇਕ ਸਕੱਤਰ ਗੁਰਮੁੱਖ ਸਿੰਘ, ਕੈਸੀਅਰ ਹਰਦੇਵ ਸਿੰਘ, ਜੱਥੇਬੰਦਕ ਸਕੱਤਰ ਕੁਲਵੰਤ ਸਿੰਘ, ਮੇਂਬਰ ਰਾਮਸਰੂਪ ਅਤੇ ਰਾਮ ਕ੍ਰਿਸ਼ਨ ਨੇ ਆਪਣੇ ਵਿਚਾਰ ਰੱਖਦੇ ਹੋਏ ਕਰੋਨਾ ਮਹਾਂਮਾਰੀ ਦੀ ਆੜ ਹੇਠ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਜੋ ਕਿਸਾਨ ਮਜ਼ਦੂਰ ਮੁਲਾਜਮ ਵਿਦਿਆਰਥੀ ਅਤੇ ਆਮ ਮਿਹਨਤੀ ਲੋਕਾਂ ਦੇ ਹੱਕਾ ਨੂੰ ਕੁਚਲਣ ਲਈ ਜੋ ਫੈਸਲੇ ਕਰਕੇ ਨਵੇਂ ਆਰਡੀਨੇਂਸ਼ ਅਤੇ ਕਾਲੇ ਕਾਨੂੰਨ ਲਾਗੂ ਕਰਨ ਦੀ ਨੀਤੀ ਬਣਾਈ ਹੈ ਉਸ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਸਖਤ ਸਬਦਾ ਵਿੱਚ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਬਿਜਲੀ ਐਕਟ 2020 ਰੱਦ ਕੀਤਾ ਜਾਵੇ, ਬਠਿੰਡਾ ਥਰਮਲ ਪਲਾਟ ਨੂੰ ਵੇਚਣ ਦੀ ਨਿੱਤੀ ਰੱਦ ਕਰਕੇ ਮੁੜ ਚਾਲੂ ਕੀਤਾ ਜਾਵੇ, ਮੁਲਜਮਾਂ ਦੀਆ ਤਨਖਾਹਾਂ ਅਤੇ ਪੈਨਸ਼ਨਾ ਵਿੱਚ ਕਟੋਤੀ ਕਰਨੀ ਬੰਦ ਕੀਤੀ ਜਾਵੇ ਅਤੇ ਰੋਕੀਆ ਗਈਆ ਤਨਖਾਹਾ ਦੀ ਅਦਾਇਗੀ ਕੀਤੀ ਜਾਵੇ, ਲੋਕਾਂ ਦੇ ਹੱਕਾ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ, ਲੇਖਕ, ਬੁਧੀ ਜੀਵੀਆ ਨੂੰ ਜੇਲ੍ਹਾਂ ਵਿੱਚ ਰਿਹਾ ਕੀਤਾ ਜਾਵੇ, ਕਿਸਾਨ ਵਿਰੋਧੀ ਕੀਤੀ ਆਰਡੀਨੈਂਸ ਰੱਦ ਕੀਤੇ ਜਾਣ। ਕ੍ਰਿਤ ਕਾਨੂੰਨਾਂ ਵਿੱਚ ਕੀਤੀਆ ਸੋਧਾਂ ਰੱਦ ਕੀਤੀਆ ਜਾਣ। ਜੇਕਰ ਉਪਰੋਕਤ ਮੰਗਾਂ ਮਸ਼ਲਿਆ ਨੂੰ ਹੱਲ ਨਾ ਕੀਤਾ ਤਾਂ ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਆਉਣ ਵਾਲੇ ਸਮੇਂ ਵਿੱਚ ਸੰਘਰਸ ਨੂੰ ਤੇਜ ਕੀਤਾ ਜਾਵੇਗਾ।

# ਬਿਜਲੀ ਬੋਰਡ ਦੇ ਕਰਮਚਾਰੀਆਂ ਨੇ ਸਾੜੀ ਸਰਕਾਰ ਦੀ ਅਰਥੀ



ਰਾਜ ਗੋਇਲ

ਰਾਮਪੁਰਾ ਫੂਲ, 6 ਅਗਸਤ: ਮੰਡਲ ਰਾਮਪੁਰਾ ਵੱਲੋ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਮਨੈਜਮੈਂਟ ਦੀ ਅਰਥੀ ਸਾੜ ਰੋਸ ਪ੍ਰਦਰਸ਼ਨ ਕੀਤਾ ਗਿਆ । ਜਿਸ ਵਿੱਚ ਟੀ ਐਸ ਯੂ ਭੰਗਲ ਅਤੇ ਟੀ ਐਸ ਯੂ ਸੋਢੀ ਦੇ ਆਗੂ ਸ਼ਾਮਲ ਹੋਏ । ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਵੇ ਭਰਤੀ ਮੁਲਾਜਮਾਂ ਨੂੰ ਹੁਣ ਕੇਂਦਰ ਪੈਟਨਰ ਤੇ ਤਨਖਾਹ ਦੇਣ ਦਾ ਜੋ ਫਰਮਾਨ ਜਾਰੀ ਕੀਤਾ ਗਿਆ ਸੀ ਉਸਨੂੰ ਰੱਦ ਕੀਤਾ ਜਾਵੇ , ਮੋਬਾਇਲ ਭੱਤੇ ਤੇ ਕੱਟ ਲਗਾਉਣ ਵਾਲਾ ਫੈਸਲਾ ਵਾਪਿਸ ਲਿਆ ਜਾਵੇ, ਪੇ ਕਮੀਸ਼ਨ ਦੀ ਰਿਪੋਰਟ ਤੁਰੰਤ ਜ਼ਾਰੀ ਕੀਤੀ ਜਾਵੇ, ਡੀ ਏ ਦੀਆਂ ਕਿਸ਼ਤਾਂ ਜ਼ਾਰੀ ਕੀਤੀਆਂ ਜਾਣ, ਮਿਲ ਚੁੱਕੇ ਡੀ ਏ ਦੀ ਕਿਸਤਾਂ ਦਾ ਏਰੀਅਲ ਜ਼ਾਰੀ ਕੀਤਾ ਜਾਵੇ, 1 ਜਨਵਰੀ 2004 ਤੋ ਬਾਅਦ ਭਰਤੀ ਹੋਏ ਮੁਲਾਜਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ , ਗਰਿਡ ਕਰਮਚਾਰੀਆਂ ਨੂੰ ਬਕਾਇਆਂ ਉਵਰ ਟਾਇਮ ਤੁਰੰਤ ਦਿੱਤਾ ਜਾਵੇ ਅਤੇ ਗਰਿੱਡ ਸਵ ਸਟੈਸ਼ਨ ਤੇ ਸਟਾਫ ਪੂਰਾ ਕੀਤਾ ਜਾਵੇ , ਸਾਰੇ ਮਹਿਕਮਿਆਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ ਆ ਦਿ ਮੰਗਾਂ ਨੂੰ ਲੈ ਕੇ ਇੰਪਲਾਈਜ਼ ਫੈਡਰੇਸ਼ਨ ਮੰਡਲ ਕਮੇਟੀ ਰਾਮਪੁਰਾ ਫੂਲ ਵੱਲੋ ਰੋਸ ਪ੍ਰਦਰਸ਼ਨ ਕੀਤਾ ਗਿਆ । ਇਸ ਮੌਕੇ ਜਗਦੀਸ਼ ਰਾਮਪੁਰਾ, ਕਰਮਜੀਤ ਲਹਿਰਾ, ਹਰਜੱਸ ਸਿੰਘ, ਰਣਜੀਤ ਸਿੰਘ, ਜਗਦੇਵ ਸਿੰਘ, ਬਲਵਿੰਦਰ ਸਿੰਘ, ਗੁਰਨੈਬ ਸਿੰਘ, ਰੂਪ ਸਿੰਘ, ਨਗਿੰਦਰ ਪਾਲ ਸਿੰਘ ਅਤੇ ਅੰਗਰੇਜ ਸਿੰਘ, ਜਗਜੀਤ ਸਿੰਘ , ਪ੍ਰਮਿੰਦਰ ਸਿੰਘ ਬਿੱਟੂ ਆਦਿ ਸਾਮਲ ਸਨ ।

# ਕੋਵਿਡ-19 ਦੀਆਂ ਸਾਵਧਾਨੀਆਂ ਨਾਲ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ

## ਅਜੌਲੀ, ਕਥੇੜਾ, ਮੋਜ਼ੋਵਾਲ ਅਤੇ ਲਮਲੈਹੜੀ ਵਿਖੇ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਦਿੱਤੀ ਜਾਣਕਾਰੀ

ਸੁਰਜੀਤ ਸਿੰਘ

ਨੰਗਲ, 6 ਅਗਸਤ : ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੋਵਿਡ ਦੀਆਂ ਸਾਵਧਾਨੀਆਂ ਨੂੰ ਮੱਦੇਨਜਰ ਰੱਖਦੇ ਹੋਏ 1 ਅਗਸਤ ਤੋਂ 8 ਅਗਸਤ ਤੱਕ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਹਫਤਾ ਮਨਾਇਆ ਜਾ ਰਿਹਾ ਹੈ। ਅੱਜ ਪਿੰਡ ਅਜੌਲੀ, ਕਥੇੜਾ, ਮੋਜ਼ੋਵਾਲ ਅਤੇ ਲਮਲੈਹੜੀ ਵਿਖੇ ਇਸ ਪ੍ਰੋਗਰਾਮ ਤਹਿਤ ਇਹ ਵਿਸੇਸ਼ ਦਿਨ ਮਨਾਇਆ ਗਿਆ ਹੈ ਜਿਸ ਵਿੱਚ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ। ਬਾਲ ਵਿਕਾਸ ਅਤੇ ਪ੍ਰੋਜੈਕਟ ਅਫਸਰ ਸ੍ਰੀ ਅਨੰਦਪੁਰ ਸਾਹਿਬ ਜਗਮੋਹਨ ਕੌਰ ਨੇ ਇਸ ਬਾਰੇ ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਇਸ ਪ੍ਰੋਗਰਾਮ ਅਧੀਨ ਜਨਮ ਤੋਂ ਲੈ ਕੇ 6 ਮਹੀਨੇ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਪਿਲਾਉਣ ਬਾਰੇ ਦੱਸਿਆ ਗਿਆ। ਉਹਨਾਂ ਕਿਹਾ ਕਿ ਸਾਡੇ ਮਾਹਰਾਂ ਨੇ ਨਵਜੰਮੇ ਬੱਚਿਆ ਦੀਆਂ ਮਾਵਾਂ ਅਤੇ ਹੋਰ ਪਰਿਵਾਰ ਦੀਆਂ ਔਰਤਾਂ ਨੂੰ ਵਿਸਥਾਰਪੂਰਵਕ ਇਹ



ਜਾਣਕਾਰੀ ਦਿੱਤੀ ਕਿ 6 ਮਹੀਨਿਆਂ ਤੱਕ ਬੱਚੇ ਨੂੰ ਕੁਝ ਵੀ ਖਾਣ ਪੀਣ ਨੂੰ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਪਾਣੀ ਪਿਲਾਉਣਾ ਚਾਹੀਦਾ ਹੈ ਇਸ ਉਮਰ ਦੇ ਕਾਰਜ ਕਾਲ ਦੋਰਾਨ ਮਾਂ ਦਾ ਦੁੱਧ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ। ਉਹਨਾਂ ਦੱਸਿਆ ਕਿ ਮਾਹਰਾਂ ਇਹ ਵੀ ਸਲਾਹ ਦਿੱਤੀ ਹੈ ਕਿ 6 ਮਹੀਨੇ ਤੋਂ ਬਾਦ ਹੀ ਬੱਚੇ ਨੂੰ ਅਰਧ-ਠੋਸ ਅਹਾਰ ਦੇਣਾ ਚਾਹੀਦਾ ਹੈ।

ਉਹਨਾ ਦੱਸਿਆ ਕਿ ਮੌਜੂਦਾ ਕੋਵਿਡ ਦੇ ਚੱਲਦੇ ਬੱਚੇ ਅਤੇ ਮਾਤਾ ਦੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਸਾਰੀਆਂ ਗਾਈਡ ਲਾਈਨਜ਼ ਦੀ ਪਾਲਣਾ ਕਰਨ ਦੀ ਲੋੜ ਹੈ ਉਹਨਾਂ ਕਿਹਾ ਕਿ ਘਰ ਦੇ ਸਾਰੇ ਮੈਂਬਰ ਵੀ ਕੋਵਿਡ ਦੀਆਂ ਸਾਵਧਾਨੀਆਂ ਦੀ ਪਾਲਣਾ ਕਰਨ ਕੇਵਲ ਬੱਚੇ ਅਤੇ ਮਾਤਾ ਨੂੰ ਹੀ ਨਹੀਂ ਸਗੋਂ ਪਰਿਵਾਰ ਦੇ ਹਰ ਮੈਂਬਰ ਨੂੰ ਘਰ ਘਰ ਬਾਹਰ ਆਉਣ ਜਾਉਣ ਸਮੇਂ ਸਮਾਜਿਕ ਵਿੱਥ ਬਣਾ ਕੇ ਰੱਖਣ, ਮਾਸਕ ਪਾਉਣ ਅਤੇ ਸਾਬਣ ਨਾਲ ਵਾਰ ਵਾਰ ਹੱਥ ਧੋਣ ਦੀ ਆਦਤ ਅਪਨਾਉਣੀ ਚਾਹੀਦੀ ਹੈ। ਬੱਚੇ ਨੂੰ ਬਿਨਾਂ ਜਰੂਰਤ ਤੋਂ ਘਰ ਤੋਂ ਬਾਹਰ ਨਹੀਂ ਲੈ ਕੇ ਜਾਣਾ ਚਾਹੀਦਾ ਅਤੇ ਘਰ ਵਿੱਚ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

# ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਕੋਰੋਨਾ ਤੋਂ ਠੀਕ ਹੋਏ ਮਰੀਜ਼ਾਂ ਨੂੰ ਪਲਾਜ਼ਮਾ ਦਾਨ ਕਰਨ ਦੀ ਅਪੀਲ

ਦਸਨਸ

ਚੰਡੀਗੜ੍ਹ 6 ਅਗਸਤ : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕੋਰੋਨਾ ਪਾਜ਼ੇਟਿਵ ਤੋਂ ਠੀਕ ਹੋਏ ਮਰੀਜ਼ਾਂ ਤੋਂ ਅਪੀਲ ਕੀਤੀ ਕਿ ਉਹ ਇਸ ਮਹਾਮਾਰੀ ਬਾਰੇ ਲੜਣ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਅੱਗੇ ਆਉਣ ਅਤੇ ਇਸ ਗੱਲ ਦਾ ਸੰਦੇਸ਼ ਦੇਣ ਕਿ ਇਸ ਬਿਮਾਰੀ ਤੋਂ ਡਰਣ ਦੀ ਥਾਂ ਸਾਵਧਾਨੀ ਵਰਤਨ ਦੀ ਵੱਧ ਲੋੜ ਹੈ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਠੀਕ ਹੋਏ ਲੋਕਾਂ ਨੂੰ ਪਲਾਜ਼ਮਾ ਡੋਨੇਟ ਕਰਨ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਅੱਜ ਰਾਜ ਵਿਚ ਕੋਵਿਡ-19 ਦੀ ਸਥਿਤੀ 'ਤੇ ਗਠਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੇ ਆਪਣਾ ਪ੍ਰਬੰਧਨ ਗਰੁੱਪ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਮੀਟਿੰਗ ਵਿਚ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਕਿ ਸੂਬੇ ਦੇ ਸਾਰੇ ਨਾਗਰਿਕ ਹਸਪਤਾਲਾਂ ਵਿਚ ਕੋਰੋਨਾ ਟੈਸਟ ਦੀ ਮੁਫਤ ਸਹੂਲਤ ਮੁਹੱਇਆ ਹੈ। ਉੱਥੇ ਵੀ ਲੋਕਾਂ ਨੂੰ ਟੈਸਟ ਲਈ ਆਉਣਾ ਚਾਹੀਦੀ ਹੈ। ਸੈਂਪਲ ਦੇਣ ਲਈ ਟੋਲ ਫਰੀ ਨੰਬਰ 108 ਅਤੇ 1075 'ਤੇ ਵੀ ਸੰਪਰਕ ਕਰਨ ਤੋਂ ਬਾਅਦ ਮੋਬਾਇਲ ਵੈਨ ਤੋਂ ਵੀ ਸੈਂਪਲ ਇੱਕਠਾ ਕੀਤੇ ਜਾ ਰਹੇ ਹਨ। ਠੀਕ ਹੋਏ ਲੋਕਾਂ ਨੂੰ ਪਲਾਜ਼ਮਾ ਡੋਨੇਟ ਕਰਨ ਲਈ ਐਸਐਮਐਸ ਭੇਜੇ ਜਾ ਰਹੇ ਹਨ। ਹੁਣ ਤਕ 338 ਲੋਕਾਂ ਨੇ ਡੋਨੇਟ ਕਰਨ ਦੀ ਸਹਿਮਤੀ ਪ੍ਰਗਟਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਵੱਖ ਤੋਂ ਪੱਤਰ ਵੀ ਭੇਜੇ ਜਾਣ। ਮੀਟਿੰਗ ਵਿਚ ਮੁੱਖ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਅਨਲਾਕ-3 ਵਿਚ ਲੋਕਾਂ ਨੂੰ ਮਾਸਕ ਪਾਉਣ ਲਈ ਪ੍ਰੇਰਿਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਆਵਾਜਾਈ ਚੌਰਾਹਿਆਂ ਤੇ ਸਥਾਨਕ ਸਰਕਾਰ ਵਿਭਾਗ ਦੇ ਵਾਹਨਾਂ ਅਤੇ 900 ਤੋਂ ਵੱਧ ਜਨਤਕ ਥਾਂਵਾਂ 'ਤੇ ਹੋਲਡਿੰਗ ਲਗਾ ਕੇ ਮਾਸਕ ਤੇ ਗਮਛਾ ਪਹਿਨਣ ਅਤੇ ਸਮਾਜਿਕ ਦੂਰੀ ਦੀ ਪਾਲਣ ਕਰਨ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਰਾਜੀਵ ਅਰੋੜਾ ਨੇ ਮੁੱਖ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਗੁਰੂਗ੍ਰਾਮ, ਫਰੀਦਾਬਾਦ, ਸੋਨੀਪਤ ਤੇ ਰਿਵਾੜੀ ਜ਼ਿਲ੍ਹਿਆਂ ਨੂੰ ਛੱਡ ਕੇ ਹੋਰ ਜ਼ਿਲ੍ਹਿਆਂ ਵਿਚ ਕੋਰੋਨਾ ਪਾਜ਼ੇਟਿਵ ਮਰੀਜ਼ਾਂ ਦੀ ਸਥਿਤੀ ਕੰਟ੍ਰੋਲ ਵਿਚ ਹੈ। ਉਨ੍ਹਾਂ ਦਸਿਆ ਕਿ ਆਪਰੇਸ਼ਨ ਵੰਦੇ ਭਾਰਤ ਦੇ ਤਹਿਤ ਵਿਦੇਸ਼ਾਂ ਤੋਂ ਵਾਪਿਸ ਆ ਰਹੇ ਲੋਕਾਂ ਨੂੰ ਹੁਣ ਸੱਤ ਦਿਨ ਸੰਸਥਾਗਤ ਇਕਾਂਤਵਾਸ ਰੱਖਣ ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਆਨਲਾਕ-3 ਦੀ ਨਵੀਂ ਹਿਦਾਇਤਾਂ ਜਾਰੀ ਕੀਤੀ ਹੈ। ਹੁਣ ਵਿਦੇਸ਼ ਤੋਂ ਵਾਪਸ ਆਉਣ ਵਾਲੇ ਵਿਅਕਤੀ ਆਪਣੀ ਯਾਤਰਾ ਤੋਂ 48 ਘੰਟੇ ਪਹਿਲਾਂ ਦਾ ਕੋਰੋਨਾ ਨੈਗੇਟਿਵ ਦਾ ਮੈਡੀਕਲ ਪ੍ਰਮਾਣ ਪੱਤਰ ਦਿੰਦਾ ਹੈ ਤਾਂ ਉਸ ਨੂੰ ਇਕਾਂਤਵਾਸ ਵਿਚ ਰੱਖਣ ਦੀ ਲੋੜ ਨਹੀਂ ਹੋਵੇਗੀ ਅਤੇ ਉਸ ਨੂੰ 96 ਘੰਟੇ ਤਕ ਹੋਮ ਇਕਾਂਤਵਾਸ ਵਿਚ ਰਹਿਣਾ ਹੋਵੇਗਾ।

# ਨਕਲੀ ਮਾਲ ਸਪਲਾਈ ਦਾ ਮੁੱਖ ਅੱਡਾ ਬਣਿਆ ਸਿਰਸਾ ਸ਼ਹਿਰ

## ਟਰਾਂਸਪੋਰਟ ਕੰਪਨੀ 'ਚੋਂ 1240 ਕਿਲੋ ਨਕਲੀ ਪੈਸਟੀਸਾਇਡ ਫੜਿਆ

ਸੁਰਿੰਦਰ ਪਾਲ ਸਿੰਘ

ਸਿਰਸਾ, 6 ਅਗਸਤ : ਸਿਰਸਾ ਸ਼ਹਿਰ ਨੂੰ ਜੇ ਨਕਲੀ ਮਾਲ ਵੇਚਣ ਦਾ ਸ਼ਹਿਰ ਕਿਹਾ ਜਾਵੇ ਤਾਂ ਇਹ ਅੱਕਥਨੀ ਨਹੀਂ ਹੋਵੇਗੀ। ਪਿਛਲੇ ਦਿਨਾਂ ਵਿੱਚ ਇਥੇ ਨਕਲੀ ਨੋਟ, ਨਕਲੀ ਗਹਿਣੇ, ਪਾਣੀ ਵਾਲੀਆਂ ਨਕਲੀ ਮੋਟਰਾਂ ਅਤੇ ਨਕਲੀ ਨਸ਼ਿਆਂ ਸਮੇਤ ਬਹੁਤ ਸਾਰੇ ਨਕਲੀ ਉਤਪਾਦਨਾਂ ਨੇ ਇਸ ਇਤਿਹਾਸਕ ਸ਼ਹਿਰ ਦਾ ਨਾਮ ਮਿੱਟੀ ਵਿੱਚ ਰੋਲਕੇ ਰੱਖ ਦਿਤਾ ਹੈ। ਇਸੇ ਦੇ ਚਲਦੇ ਹੁਣ ਪੈਸਟੀਸਾਇਡ ਐਸੋਸਿਏਸ਼ਨ ਦੇ ਮੈਬਰਾਂ ਨੇ ਸਿਰਸਾ ਦੀ ਇੱਕ ਟਰਾਂਸਪੋਰਟ ਕੰਪਨੀ ਵਿੱਚੋ 1240 ਕਿਲੋ ਨਕਲੀ ਪੈਸਟੀਸਾਇਡ ਫੜਿਆ ਹੈ।ਜਿਸਦੀ ਜਾਣਕਾਰੀ ਮਿਲਣ ਤੇ ਖੇਤੀ ਵਿਭਾਗ ਨੇ ਸਬਜ਼ੀ ਮੰਡੀ ਚੌਕੀ ਇੰਨਚਾਰਜ ਨਾਲ ਮਿਲਕੇ ਨੇ ਆਸ਼ੂ ਟਰੇਡਿੰਗ ਕੰਪਨੀ ਅਤੇ ਓਰੀਆ ਟਰੇਡਿੰਗ ਕੰਪਨੀ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਮਾਮਲੇ ਅਨੁਸਾਰ ਪੈਸਟੀਸਾਇਡ ਐਸੋਸਿਏਸ਼ਨ ਦੇ ਪ੍ਰਧਾਨ ਰਾਧੇ ਗਾਂਧੀ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਰਾਣੀਆਂ ਚੁੰਗੀ ਸਥਿਤ ਟਰਾਂਸਪੋਰਟ ਕੰਪਨੀ ਵਿੱਚ ਨਕਲੀ ਕੀਟਨਾਸ਼ਕ ਆਇਆ ਹੋਇਆ ਹੈ। ਇਸ ਮਾਮਲੇ ਸਬੰਧੀ ਪ੍ਰਧਾਨ ਗਾਂਧੀ ਅਤੇ ਹੋਰ ਮੈਂਬਰਾਂ ਨੇ ਮੌਕੇ 'ਤੇ ਪਹੁੰਚਕੇ ਵੇਖਿਆ ਕਿ ਕਰੀਬ 1240 ਕਿਲੋ ਪੈਸਟੀਸਾਇਡ ਉੱਥੇ ਆਇਆ ਹੋਇਆ ਮਿਲਿਆ। ਜਦੋਂ ਪ੍ਰਧਾਨ ਅਤੇ ਮੈਂਬਰਾਂ ਨੇ ਟਰਾਂਸਪੋਰਟ ਕੰਪਨੀ ਦੇ ਮਾਲਕ ਤੋ ਇਸਦੀ ਜਾਣਕਾਰੀ ਮੰਗੀ ਕਿ ਇਹ ਮਾਲ ਕਿੱਥੇ ਜਾਣਾ ਹੈ ਤਾਂ ਉਸਨੇ ਕੋਈ ਜਾਣਕਾਰੀ ਨਹੀਂ ਦਿੱਤੀ। ਜਿਸਨੂੰ ਲੈ ਕੇ ਪੈਸਟੀਸਾਇਡ ਐਸੋਸਿਏਸ਼ਨ ਨੇ ਪੁਲਿਸ ਅਤੇ ਖੇਤੀ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਜਿਸ ਮੰਗਰੋ ਖੇਤੀ ਵਿਭਾਗ ਵਲੋਂ ਕਵਾਲਿਟੀ ਕੰਟਰੋਲ ਅਧਿਕਾਰੀ ਸੁਭਾਸ਼ ਚੰਦਰ ਨੇ ਟੀਮ ਨੇ ਕੀਟਨਾਸ਼ਕਾਂ ਦੀ ਜਾਂਚ ਕੀਤੀ ਤਾਂ ਕੀਟਨਾਸ਼ਕਾਂ ਉੱਤੇ ਨਾਮੀ ਗਰਾਮੀ ਕੰਪਨੀਆਂ ਦੇ ਨਕਲੀ ਮਾਰਕੇ ਲੱਗੇ ਹੋਏ ਸਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਸ਼ਿਕਾਇਤ ਤੇ ਟਰਾਂਸਪੋਰਟਰ ਦੇ ਖਿਲਾਫ ਨਕਲੀ ਸਾਮਾਨ ਵੇਚਣ ਦਾ ਮਾਮਲਾ ਦਰਜ ਕਰਵਾਕੇ ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਕੀਟਨਾਸ਼ਕਾਂ ਦੇ ਸੈਂਪਲ ਲੈ ਕੇ ਜਾਂਚ ਲਈ ਲੈਬ ਵਿੱਚ ਭੇਜ ਦਿੱਤੇ ਹਨ।

# 3 ਮਾਸੂਮ ਬੱਚਿਆਂ ਦੇ ਕਾਤਲਾਂ ਨੂੰ ਛੇਤੀ ਗ੍ਰਿਫ਼ਤਾਰ ਕੀਤਾ ਜਾਵੇ : ਦਰੀਆਵ ਸਿੰਘ ਕਸ਼ਯਪ

## ਪ੍ਰਦਰਸ਼ਨ ਦੀ ਇਜਾਜ਼ਤ ਨਾ ਮਿਲਣ 'ਤੇ ਜ਼ਿਲ੍ਹਾ ਪ੍ਰਸ਼ਾਸਨ 'ਤੇ ਵਰ੍ਹੇ ਕਮਿਊਨਿਸਟ ਆਗੂ



ਜਸਬੀਰ ਸਿੰਘ ਦੁੱਗਲ

ਕੁਰੂਕਸ਼ੇਤਰ /ਪਾਣੀਪਤ, 6 ਜੁਲਾਈ : ਅੱਜ ਇਥੇ ਪਾਣੀਪਤ ਜ਼ਿਲ੍ਹਾ ਪ੍ਰਸ਼ਾਸਨ ਨੇ ਬਿੰਝੌਲ ਪਿੰਡ ਦੇ ਲੋਕਾਂ ਨੂੰ ਫਲਾਈਓਵਰ ਹੇਠਾਂ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਾਹਮਣੇ ਬੈਠਣ ਦੀ ਇਜਾਜ਼ਤ ਨਾ ਦੇ ਕੇ ਸੰਵੇਦਨਹੀਨਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਹ ਇਲਜ਼ਾਮ ਸੀਪੀਆਈ ਦੇ ਸੂਬਾ ਸਕੱਤਰ ਦਰੀਆਵ ਸਿੰਘ ਕਸ਼ਯਪ ਨੇ ਅੱਜ ਇਥੇ ਲਗਾਉਂਦੇ ਹੋਏ ਕਿਹਾ ਕਿ ਬਿੰਝੌਲ ਪਿੰਡ ਦੇ 3 ਮਾਸੂਮ ਬੱਚਿਆਂ ਦੀ ਹੱਤਿਆ ਇੱਕ ਮਹੀਨਾ ਪਹਿਲਾਂ ਹੋਈ ਸੀ, ਪਰ ਪਰਿਵਾਰ ਵੱਲੋਂ ਕਰਵਾਈ ਗਈ ਐਫ.ਆਈ.ਆਰ. ਅਨੁਸਾਰ ਇੱਕ ਵੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਕਾਮਰੇਡ ਕਸ਼ਯਪ ਨੇ ਕਿਹਾ ਕਿ ਪਹਿਲਾਂ ਪਾਣੀਪਤ ਐਸਪੀ ਨੇ ਇੱਕ ਜਾਂਚ ਟੀਮ ਬਣਾਈ ਸੀ ਅਤੇ 30 ਜੁਲਾਈ ਦੇ ਪ੍ਰਦਰਸ਼ਨ ਤੋਂ ਬਾਅਦ ਕਰਨਾਲ ਐਸਪੀ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਸ ਨੇ ਵੀ ਇੱਕ ਜਾਂਚ ਟੀਮ ਗਠਿਤ ਕੀਤੀ, ਪਰ ਜਾਂਚ ਵਿੱਚ ਕੋਈ ਤੇਜੀ ਨਹੀਂ ਆਈ।

ਕਮਿਊਨਿਸਟ ਨੇਤਾ ਨੇ ਦੱਸਿਆ ਕਿ ਬਿੰਝੌਲ ਪਿੰਡ ਦੇ ਲੋਕ ਕੱਲ੍ਹ ਮਿੰਨੀ ਸਕੱਤਰੇਤ ਦੇ ਸਾਹਮਣੇ ਬਣੇ ਪੁਲ ਹੇਠਾਂ ਬੈਠਣ ਦੀ ਇਜਾਜ਼ਤ ਲੈਣ ਲਈ ਐਸਡੀਐਮ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਗਏ ਸਨ, ਪਰ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਕਾਮਰੇਡ ਕਸ਼ਯਪ ਨੇ ਕਿਹਾ ਕਿ ਪਾਣੀਪਤ ਜ਼ਿਲ੍ਹਾ ਪ੍ਰਸ਼ਾਸਨ ਨੇ ਨਾ ਸਿਰਫ ਲੋਕਤੰਤਰੀ ਅਧਿਕਾਰਾਂ 'ਤੇ ਹਮਲਾ ਕੀਤਾ ਹੈ, ਬਲਕਿ ਮਾਰੇ ਗਏ 3 ਮਾਸੂਮ ਬੱਚਿਆਂ ਦੇ ਪਰਿਵਾਰਾਂ ਨਾਲ ਹਮਦਰਦੀ ਦੀ ਬਜਾਏ, ਪੂਰੀ ਸੰਵੇਦਨਹੀਨਤਾ ਦਿਖਾਈ ਹੈ।

ਕਮਿਊਨਿਸਟ ਆਗੂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਤਲਾਂ ਨੂੰ ਛੇਤੀ ਗ੍ਰਿਫਤਾਰ ਕੀਤਾ ਜਾਏ, ਗਰੀਬ ਪੀੜਤਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇ, 30 ਜੁਲਾਈ ਦੇ ਪ੍ਰਦਰਸ਼ਨ ਦੌਰਾਨ ਬਣਾਏ ਝੂਠੇ ਕੇਸਾਂ ਨੂੰ ਰੱਦ ਕੀਤਾ ਜਾਵੇ, ਗ੍ਰਿਫਤਾਰ ਕੀਤੇ ਗਏ ਪਿੰਡ ਵਾਸੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਕਬਜ਼ੇ ਵਿੱਚ ਲਏ ਗਏ ਵਾਹਨ ਉਨ੍ਹਾਂ ਦੇ ਮਾਲਕਾਂ ਨੂੰ ਤੁਰੰਤ ਦਿੱਤੇ ਜਾਣ। ਇਸ ਮੌਕੇ 'ਤੇ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਪਵਨ ਕੁਮਾਰ ਸੈਣੀ ਵੀ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਨੂੰ ਵਾਟਰ ਕੂਲਰ ਦਾਨ



ਹਰੀ ਕਿਸਨ ਰੰਗੜ

ਗੜ੍ਹਸ਼ੰਕਰ, 6 ਅਗਸਤ: ਅੱਜ ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਵਿਖੇ ਬੱਚਿਆਂ ਲਈ ਠੰਢਾ ਪਾਣੀ ਪੀਣ ਵਾਸਤੇ ਗੁਰਮੀਤ ਕੌਰ ਕੈਨੇਡਾ ਵਾਸੀ ਨੇ ਆਪਣੇ ਪਤੀ ਪਰਮਿੰਦਰ ਸਿੰਘ ਦਿਆਲ ਦੀ ਯਾਦ ਵਿੱਚ ਸਕੂਲ ਵਾਸਤੇ ਵਾਟਰ ਕੂਲਰ ਦਾਨ ਕੀਤਾ ਇਸ ਮੌਕੇ 'ਤੇ ਦਾਨੀ ਸੱਜਣਾਂ ਦਾ ਪ੍ਰਿੰਸੀਪਲ ਸੀਮਾ ਰਾਣੀ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਵਲੋਂ ਧੰਨਵਾਦ ਕੀਤਾ।ਇਸ ਮੌਕੇ ਤੇ ਪ੍ਰਿੰਸੀਪਲ ਸੀਮਾ ਰਾਣੀ ਤੋਂ ਇਲਾਵਾ ਅਸ਼ੋਕ ਕੁਮਾਰ, ਸਵਰਨ ਸਿੰਘ ਬੇਦੀ, ਮੈਡਮ ਜੋਤੀ, ਮੈਡਮ ਨੀਤੀਕਾ ਤੇ ਜਗਦੇਵ ਆਦਿ ਸਟਾਫ ਮੈਂਬਰ ਹਾਜਰ ਸਨ।

# "ਆਪ" ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਵਾਂਗੇ: ਚੀਮਾ



ਹਰਭਜਨ

ਪੱਟੀ, 6 ਅਗਸਤ: ਵਿਧਾਨ ਸਭਾ ਹਲਕਾ ਪੱਟੀ ਦੇ ਇੰਚਾਰਜ ਰਣਜੀਤ ਸਿੰਘ ਚੀਮਾ ਮੀਤ ਪ੍ਰਧਾਨ ਪੰਜਾਬ ਦੀ ਅਗਵਾਈ 'ਚ ਵਾਰਡ ਨੰਬਰ ਦੀ 2 'ਚ ਰਣਜੀਤ ਸਿੰਘ ਮਾਹਲਾ ਦੀ ਪ੍ਰੇਰਨਾ ਸਦਕਾ 60 ਪਰਿਵਾਰਾਂ ਨੇ ਅਕਾਲੀ ਤੇ ਕਾਂਗਰਸ ਪਾਰਟੀਆਂ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਚ ਸ਼ਾਮਿਲ ਹੋਏ, ਚੀਮਾ ਨੇ ਪਾਰਟੀ ਚ ਸ਼ਾਮਲ ਹੋਏ ਪਰਿਵਾਰਾਂ ਨੂੰ ਜੀ ਆਇਆਂ ਆਖਿਆ ਤੇ ਕਿਹਾ ਕਿ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ ਘਰ ਪਹੁੰਚਾਵਾਂਗੇ, ਚੀਮਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੋ ਸਹੂਲਤਾਂ ਦਿੱਲੀ 'ਚ ਕੇਜਰੀਵਾਲ ਦੀ ਸਰਕਾਰ ਨੇ ਦਿੱਲੀ ਵਾਸੀਆਂ ਨੂੰ ਦਿੱਤੀਆਂ ਹਨ ਉਹ ਆਪਣੇ ਦੇਸ਼ ਚ ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਨੇ ਨਹੀਂ ਦਿੱਤੀਆਂ, ਚੀਮਾ ਨੇ ਕਿਹਾ ਕਿ ਜਿਹੜੇ ਕੰਮ ਅਕਾਲੀ ਸਰਕਾਰ ਦੇ ਸਮੇਂ ਰੇਤ ਮਾਫੀਆ, ਟਰਾਂਸਪੋਰਟ ਮਾਫੀਆ, ਪੁਲਿਸ ਥਾਣਿਆਂ 'ਚ ਧੱਕੇਸ਼ਾਹੀ, ਨਸ਼ਾਖੋਰੀ ਤੇ ਲੁੱਟਾਂ ਖੋਹਾਂ ਚੱਲਦੀਆਂ ਸਨ ਉਹ ਹੁਣ ਕੈਪਟਨ ਸਰਕਾਰ ਨੇ ਅੰਦਰ ਸ਼ੁਰੂ ਕਰ ਦਿੱਤਾ ਹੈ ਇਸੇ ਕਰਕੇ ਪੰਜਾਬ ਦੇ ਵਾਸੀ ਕਾਂਗਰਸ ਦੀ ਸਰਕਾਰ ਤੋਂ ਬਹੁਤ ਦੁਖੀ ਹਨ , ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਅਕਾਲੀਦਲ ਤੇ ਕਾਂਗਰਸ ਪਾਰਟੀ ਪਾਰਟੀ ਨੂੰ ਛੱਡ ਕੇ ਧੜਾ ਧੜ ਲੋਕ ਆਮ ਆਦਮੀ ਪਾਰਟੀ ਚ ਸ਼ਾਮਲ ਹੋ ਰਹੇ ਹਨ ਤੇ ਅਗਲੀ ਸਰਕਾਰ ਆਪ ਦੀ ਬਣਾਉਣ ਲਈ ਉਤਾਵਲੇ ਹਨ, ਇਸ ਮੌਕੇ ਰਣਜੀਤ ਸਿੰਘ ਮਾਹਲਾ ,ਫੂਲਾ ਸਿੰਘ ਸਰਕਲ ਪ੍ਰਧਾਨ ਸ਼ਹਿਰੀ ਪੱਟੀ, ਪ੍ਰਵੀਨ ਕੁਮਾਰ, ਦੀਪ ਪੱਟੀ, ਵਿਰਸਾ ਸਿੰਘ ਰੱਤਾ ਗੁੱਦਾ, ਸੁਖਦੇਵ ਸਿੰਘ ਕਿਰਤੋਵਾਲ, ਜੈਮਲ ਸਿੰਘ ਸਰਕਲ ਪ੍ਰਧਾਨ ਸ਼ਹਿਰੀ ਪੱਟੀ , ਵਰਿਆਮ ਸਿੰਘ, ਸਤਨਾਮ ਸਿੰਘ ਫੌਜੀ, ਸੁਰਿੰਦਰ ਸਿੰਘ ਚੰਦੂ, ਬੱਬਲੂ, ਵਿਜੇ ਕੁਮਾਰ, ਬੋਹੜ ਸਿੰਘ, ਦਰਸ਼ਨ ਸਿੰਘ, ਸੂਰਜ ਸਿੰਘ, ਦਰਸ਼ਨ ਕੌਰ, ਪਲਵਿੰਦਰ ਕੌਰ, ਗੁਰਮੀਤ ਕੌਰ ਆਦਿ ਹਾਜ਼ਰ ਸਨ।

# ਸਹਿਕਾਰਤਾ ਵਿਭਾਗ ਜ਼ਿਲ੍ਹਾ ਸੰਗਰੂਰ ਦੀ ਕਲਮ ਛੋੜ ਹੜਤਾਲ 14 ਅਗਸਤ ਤੱਕ : ਹਰੀਗੜ੍ਹ, ਘਰਾਚੋਂ



ਸਸਪਾਲ ਸਿੰਘ ਰਟੋਲ

ਦਿੜਬਾ ਮੰਡੀ, 6 ਅਗਸਤ: ਬੀਤੇ ਦਿਨੀਂ ਸਮੂਹ ਸਹਿਕਰਤਾ ਵਿਭਾਗ ਸੰਗਰੂਰ ਵੱਲੋਂ ਇਕ ਸਾਂਝੇ ਤੌਰ ਤੇ ਮੀਟਿੰਗ ਕੀਤੀ ਗਈ।ਇਸ ਮੀਟਿੰਗ ਬਾਰੇ ਜਿਲ੍ਹਾ ਪ੍ਰਧਾਨ ਮਾਲਵਿੰਦਰ ਸਿੰਘ ਹਰੀਗੜ੍ਹ ਅਤੇ ਹਰਵਿੰਦਰ ਸਿੰਘ ਘਰਾਚੋਂ ਨੇ ਆਪਣੀਆਂ ਮੰਗਾਂ ਸੰਬੰਧੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਮੁਲਾਜ਼ਮ ਮਾਰੂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਜਿਵੇ ਕਿ ਪੇ ਕਮਿਸ਼ਨ ਦੀ ਰਿਪੋਰਟ ਨਾ ਦੇਣਾ, ਮੋਬਾਇਲ ਭੱਤੇ ਵਿੱਚ ਕਟੌਤੀ ਕਰਨਾ, ਡੀ.ਏ. ਦੀਆ ਬਕਾਇਆ ਕਿਸ਼ਤਾਂ ਜਾਰੀ ਨਾ ਕਰਨਾ, ਪੁਰਾਣੀ ਪੈਨਸਨ ਸਕੀਮ ਲਾਗੂ ਨਾ ਕਰਨਾ ਆਦਿ ਮੰਗਾਂ ਨੂੰ ਲੈ ਕੇ ਪੰਜਾਬ ਦੇ ਸਮੂਹ ਮਨਿਸਟਰੀਅਲ ਕਰਮਚਾਰੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਜੋ ਮਿਤੀ 6 ਅਗਸਤ ਤੋਂ 14 ਅਗਸਤ ਤੱਕ ਜੋ ਕਲ਼ਮ ਛੋੜ ਹੜਤਾਲ ਕੀਤੀ ਜਾ ਰਹੀ ਹੈ । ਸਮੂਹ ਸਹਿਕਾਰਤਾ ਵਿਭਾਗ ਵੱਲੋਂ ਇਸ ਹੜਤਾਲ ਦਾ ਪੂਰਨ ਤੌਰ 'ਤੇ ਸਮਰਥਨ ਕੀਤਾ ਜਾਵੇਗਾ । ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ੍ਰੀ ਮਾਲਵਿੰਦਰ ਸਿੰਘ ਹਰੀਗੜ੍ਹ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ ਘਰਾਚੋ ਨੇ ਕਿਹਾ ਕਿ ਜਦੋ ਤਕ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨਹੀ ਮੰਨੀਆਂ ਜਾਂਦੀਆਂ ਓਦੋਂ ਤੱਕ ਸਹਿਕਾਰਤਾ ਵਿਭਾਗ ਵੱਲੋਂ ਸਰਕਾਰ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਜਤਿੰਦਰ ਸਿੰਘ ਸੁਨਾਮ, ਇਕਬਾਲ ਸਿੰਘ ਧੂਰੀ, ਜਸਵਿੰਦਰ ਸਿੰਘ ਸੰਗਰੂਰ, ਕੁਲਦੀਪ ਸਿੰਘ ਮੂਨਕ ਅਤੇ ਸ਼੍ਰੀਮਤੀ ਅੰਮ੍ਰਿਤਪਾਲ ਕੌਰ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# 15 ਅਗਸਤ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਲਈ ਵਿਭਾਗਾਂ ਦੀਆਂ ਡਿਊਟੀਆਂ ਲਗਾਈਆਂ



ਚਮਕੌਰ ਸਿੰਘ ਖੇੜੀ

ਸੰਗਰੂਰ, 6 ਅਗਸਤ : 15 ਅਗਸਤ 2020 ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਅਨਮੋਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ਼ ਵਿਖੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸ੍ਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਪ੍ਰਾਪਤ ਹੋਣ ਵਾਲੀਆਂ ਗਾਈਡਲਾਈਨਜ਼ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਜ਼ਾਦੀ ਦਿਵਸ ਸਮਾਰੋਹ ਮਨਾਇਆ ਜਾਵੇਗਾ ਤੇ ਇਸ ਲਈ ਕਰੋਨਾ ਤੋਂ ਬਚਾਅ ਸਬੰਧੀ ਸਾਵਧਾਨੀਆਂ ਵਰਤਣ ਅਤੇ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 15 ਅਗਸਤ ਨੂੰ ਮਨਾਏ ਜਾਣ ਵਾਲੇ ਆਜ਼ਾਦੀ ਦਿਹਾੜੇ ਸਬੰਧੀ ਕੌਮੀ ਝੰਡੇ ਦੀ ਰਸਮ ਪੁਲਿਸ ਲਾਇਨ ਸੰਗਰੂਰ ਵਿਖੇ ਕੀਤੀ ਜਾਵੇਗੀ ਅਤੇ ਸ਼ਹੀਦੀ ਸਮਾਰਕ ਵਿਖੇ ਰੀਥ ਚੜ੍ਹਾਉਣ ਦੀ ਰਸਮ ਪੁਲਿਸ ਲਾਈਨ ਵਿਖੇ ਨਿਭਾਈ ਜਾਵੇਗੀ। ਉਨ੍ਹਾਂ ਇਸ ਮੌਕੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਆਪਣੇ ਵਿਭਾਗ ਦੀਆਂ ਲਗਾਈਆਂ ਗਈਆਂ ਡਿਊਟੀਆਂ ਨੂੰ ਪੂਰੀ ਇਮਾਨਦਾਰੀ, ਮਿਹਨਤ ਤੇ ਲਗਨ ਨਾਲ ਨਿਭਾਉਣ ਤਾਂ ਜੋ ਇਸ ਜਿਲ੍ਹਾ ਪੱਧਰੀ ਸਮਾਗਮ ਨੂੰ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਸਕੇ। ਉਨ੍ਹਾਂ ਕਾਰਜ ਸਾਧਕ ਅਫ਼ਸਰ ਨੂੰ ਸ਼ਹਿਰ ਦੇ ਆਲੇ ਦੁਆਲੇ ਅਤੇ ਵਿਸ਼ੇਸ ਕਰਕੇ ਸਮਾਰੋਹ ਵਾਲੇ ਸਥਾਨ 'ਤੇ ਵਧੀਆ ਢੰਗ ਨਾਲ ਸਫ਼ਾਈ ਕਰਵਾਉਣ ਦੀ ਹਦਾਇਤ ਕੀਤੀ। ਉਨ੍ਹਾਂ ਪੁਲਿਸ ਲਾਈਨ ਸਟੇਡੀਅਮ ਸਮਾਰੋਹ ਵਾਲੇ ਸਥਾਨ ਤੇ ਰੰਗ-ਰੋਗਨ, ਲਾਈਟਾਂ, ਨਿਰਵਿਘਨ ਬਿਜਲੀ, ਬੈਠਣ ਦੇ ਪ੍ਰਬੰਧਾਂ, ਟ੍ਰੈਫਿਕ ਸਿਸਟਮ ਆਦਿ ਦੇ ਸਮਾਂ ਰਹਿੰਦੇ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ।

# ਕਸਬਾ ਮਹਿਲ ਕਲਾਂ ਨਾਲ ਸਬੰਧਤ ਦੋ ਵਿਅਕਤੀਆਂ ਸਮੇਤ ਇੱਕ ਪੁਲਿਸ ਕਰਮਚਾਰੀ ਦੀ ਜਾਂਚ ਰਿਪੋਰਟ ਪਾਜ਼ੇਟਿਵ



ਜਗਸੀਰ ਸਿੰਘ ਸਹਿਜੜਾ

ਮਹਿਲ ਕਲਾਂ, 6 ਅਗਸਤ: ਪੰਜਾਬ ਸਰਕਾਰ ਵੱਲੋਂ ਵਿੱਢੀ ਗਈ ਮਿਸ਼ਨ ਫ਼ਤਹਿ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਤੇ ਸਿਵਲ ਸਰਜਨ ਬਰਨਾਲਾ ਡਾ ਗੁਰਬਿੰਦਰ ਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ ਹਰਜਿੰਦਰ ਸਿੰਘ ਆਡਲੂ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਕੁਝ ਵਿਅਕਤੀਆਂ ਦੇ ਜਾਂਚ ਲਈ ਸੈਂਪਲ ਭਰ ਕੇ ਭੇਜੇ ਜਾਣ ਤੋਂ ਬਾਅਦ ਸਥਾਨਕ ਕਸਬੇ ਨਾਲ ਸੰਬੰਧਿਤ ਦੋ ਵਿਅਕਤੀਆਂ ਸਮੇਤ ਪਿੰਡ ਧਨੇਰ ਦੇ ਇੱਕ ਪੁਲਿਸ ਕਰਮਚਾਰੀ ਅਤੇ ਇਕ ਵਿਅਕਤੀ ਬਰਨਾਲਾ ਨਾਲ ਸਬੰਧਤ ਦੀ ਜਾਂਚ ਰਿਪੋਰਟ ਪਾਜ਼ੇਟਿਵ ਆਈ ਹੈ ਇਸ ਮੌਕੇ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਦੇ ਡਾ ਸਿਪਲਮ ਅਨਗੋਤਰੀ, ਬੀ. ਏ. ਈ ਕੁਲਜੀਤ ਸਿੰਘ ਵਜੀਦਕੇ ਅਤੇ ਬੂਟਾ ਸਿੰਘ ਚੁਹਾਣਕੇ ਖੁਰਦ ਨੇ ਦੱਸਿਆ ਕਿ ਮੁੱਢਲੇ ਸਿਹਤ ਕੇਂਦਰ ਮਹਿਲ ਕਲਾਂ ਵਿਖੇ ਬੀਤੇ ਦਿਨੀਂ ਕੁਝ ਵਿਅਕਤੀਆਂ ਦੇ ਜਾਂਚ ਲਈ ਸੈਂਪਲ ਭਰ ਕੇ ਭੇਜੇ ਜਾਣ ਤੋਂ ਬਾਅਦ ਸਥਾਨਕ ਕਸਬਾ ਮਹਿਲ ਕਲਾਂ ਨਾਲ ਸਬੰਧਤ ਦੋ ਵਿਅਕਤੀ ਤੇ ਪਿੰਡ ਧਨੇਰ ਦੇ ਪੁਲਿਸ ਕਰਮਚਾਰੀ ਅਤੇ ਬਰਨਾਲਾ ਸਹਿਰ ਨਾਲ ਸਬੰਧਤ ਵਿਅਕਤੀ ਦੀ ਜਾਂਚ ਰਿਪੋਰਟ ਪਾਜ਼ੇਟਿਵ ਪਾਈ ਗਈ ਹੈ ਸਹਿਤ ਵਿਭਾਗ ਦੀ ਟੀਮ ਵੱਲੋਂ ਪਾਜੀਟਿਵ ਆਏ ਵਿਅਕਤੀਆਂ ਨੂੰ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਦੇ ਆਈਸੋਲੇਸਨ ਵਾਰਡ ਵਿੱਚ ਭਰਤੀ ਕੀਤਾ ਗਿਆ ਹੈ ਉਹਨਾਂ ਵੱਲੋਂ ਕਰੋਨਾ ਪੀੜਤਾਂ ਦੇ ਸੰਪਰਕ ਵਿੱਚ ਆਏ ਵਿਅਕਤੀਆਂ ਦੇ ਸੈਂਪਲ ਭਰ ਕੇ ਭੇਜੇ ਜਾ ਰਹੇ ਹਨ। ਪਾਜ਼ੇਟਿਵ ਆਏ ਵਿਅਕਤੀਆਂ ਨਾਲ ਸੀ. ਐਚ. ਸੀ ਮਹਿਲ ਕਲਾਂ ਦੇ ਆਈਸੋਲੇਸ਼ਨ ਵਾਰਡ 'ਚੋਂ ਭਰਤੀ ਕਰੋਨਾ ਪੀੜਤਾਂ ਦੀ ਗਿਣਤੀ 15 ਹੋ ਗਈ ਹੈ।

# ਮਾਂ ਚਿੰਤਪੁਰਨੀ ਮਖੂ ਫ੍ਰੀ ਬੱਸ ਸੇਵਾ ਟਰੱਸਟ ਦੇ ਅਹੁਦੇਦਾਰਾਂ ਵੱਲੋਂ ਸਵਰਗਧਾਮ ਦੇ ਪੁਜਾਰੀ ਨੂੰ ਫਰਿਜ ਭੇਟ



ਬਲਵੀਰ ਲਹਿਰਾ

ਮਖੂ, 6 ਅਗਸਤ : ਨਰ ਸੇਵਾ ਨਰਾਇਣ ਸੇਵਾ ਤਹਿਤ ਮਾਂ ਚਿੰਤਪੁਰਨੀ ਮਖੂ ਫ੍ਰੀ ਬੱਸ ਸੇਵਾ ਟਰੱਸਟ ਦੇ ਪ੍ਰਧਾਨ ਸੰਜੀਵ ਅਹੂਜਾ, ਖਜਾਨਚੀ ਬਲਦੇਵ ਕਪੂਰ, ਪ੍ਰੇਮ ਗਰੋਵਰ, ਸੈਕਟਰੀ ਸ਼ਾਮ ਲਾਲ ਛਾਬੜਾ, ਸਤੀਸ਼ ਕਟਾਰੀਆ, ਟੋਨੀ ਅਹੂਜਾ ਵੱਲੋਂ ਅਯੁੱਧਿਆ 'ਚ ਸ਼੍ਰੀਰਾਮ ਮੰਦਰ ਦਾ ਕੰਮ ਸ਼ੁਰੂ ਹੋਣ ਦੀ ਖ਼ੁਸ਼ੀ 'ਚ ਸਵਰਗਧਾਮ ਮਖੂ ਦੇ ਪੁਜਾਰੀ ਬਖਤਾਵਰ ਸਿੰਘ ਫਰਿਜ ਭੇਟ ਕੀਤੀ। ਇਸ ਮੌਕੇ ਮਾਂ ਚਿੰਤਪੁਰਨੀ ਮਖੂ ਫ੍ਰੀ ਬੱਸ ਸੇਵਾ ਟਰੱਸਟ ਦੇ ਪ੍ਰਧਾਨ ਸੰਜੀਵ ਅਹੂਜਾ ਨੇ ਅਯੁੱਧਿਆ 'ਚ ਸ਼੍ਰੀਰਾਮ ਜਨਮਭੂਮੀ ਮੰਦਰ ਦਾ ਨੀਂਹ ਪੱਥਰ ਰੱਖਣ 'ਤੇ ਰਾਮ ਭਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਦਾ ਦਿਨ ਰਾਮ ਭਗਤਾਂ ਲਈ ਬਹੁਤ ਹੀ ਵਿਸ਼ੇਸ਼ ਦਿਨ ਹੈ। ਸ਼੍ਰੀ ਰਾਮ ਮੰਦਰ ਦਾ ਕੰਮ ਸ਼ੁਰੂ ਹੋਣ ਦੀ ਖ਼ੁਸ਼ੀ 'ਚ ਸ਼੍ਰੀਰਾਮ ਭਗਤਾਂ ਵੱਲੋਂ ਆਪਣੇ-ਆਪਣੇ ਘਰਾਂ 'ਚ ਅਤੇ ਦੁਕਾਨਾਂ ਅੱਗੇ ਦੀਪਮਾਲਾ ਕੀਤੀ ਗਈ। ਸੰਜੀਵ ਅਹੂਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵਰਗਧਾਮ ਮਖੂ ਦੇ ਪੁਜਾਰੀ ਕੋਲ ਫਰਿਜ ਨਹੀਂ ਸੀ। ਜਿਸ ਕਾਰਨ ਉਸ ਨੂੰ ਅੱਤ ਦੀ ਪੈ ਰਹੀ ਗਰਮੀ ਦੇ ਮੌਕੇ ਸਬਜ਼ੀਆਂ, ਦੁੱਧ ਆਦਿ ਖਰਾਬ ਹੋ ਰਹੇ ਸਨ। ਇਸ ਲਈ ਨਰ ਸੇਵਾ ਨਰਾਇਣ ਸੇਵਾ ਤਹਿਤ ਮਾਂ ਚਿੰਤਪੁਰਨੀ ਮਖੂ ਫ੍ਰੀ ਬੱਸ ਟਰੱਸਟ ਵੱਲੋਂ ਬਖਤਾਵਰ ਸਿੰਘ ਨੂੰ ਫਰਿਜ ਭੇਟ ਕੀਤੀ ਗਈ।

# ਬਿਜਲੀ ਕਰਮਚਾਰੀਆ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਅਰਥੀ ਸਾੜੀ




ਹੇਮੰਤ ਸ਼ਰਮਾ/ਓਮ ਪ੍ਰਕਾਸ਼

ਰਾਮਪੁਰਾ ਫੂਲ, 6 ਅਗਸਤ: ਇੰਪਲਾਇਜ ਫੈਡਰੇਸ਼ਨ ਪੰਜਾਬ ਸਟੇਟ ਕਾਰਪਰੇਸ਼ਨ ਲਿਮ:ਮੰਡਲ ਕਮੇਟੀ ਰਾਮਪੁਰਾ ਫੂਲ ਦੁਆਰਾ ਪੰਜਾਬ ਸਰਕਾਰ ਅਤੇ ਬੋਰਡ ਮਨੈਜਮੈਂਟ ਦੀ ਅਰਥੀ ਸਾੜੀ ਗਈ ਜਿਸ ਵਿੱਚ ਟੀ ਐਸ ਯੂ ਭੰਗਲ ਅਤੇ ਟੀ ਐਸ ਯੂ ਸੋਢੀ ਆਗੂ ਸ਼ਾਮਿਲ ਸਨ। ਇਸ ਸਮੇ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਪੰਜਾਬ ਸਰਕਾਰ ਤੋ ਮੰਗ ਕੀਤੀ ਕੀਤੀ ਕਿ ਨਵੇਂ ਭਰਤੀ ਕੀਤੇ ਨਵੇਂ ਮੁਲਾਜ਼ਮਾਂ ਨੂੰ ਹੁਣ ਕੇਂਦਰ ਪੈਟਨਰ ਤੇ ਤਨਖਾਹ ਦੇਣ ਦਾ ਜ਼ੋਰਦਾਰ ਫੁਰਮਾਨ ਜਾਰੀ ਕੀਤਾ ਹੈ ਉਸਨੂੰ ਰੱਦ ਕੀਤਾ ਜਾਵੇ, ਮੋਬਾਇਲ ਭੱਤੇ ਤੇ ਲਗਾਏ ਗਏ ਕੱਟ ਦੇ ਫੈਸਲਾ ਨੂੰ ਵਾਪਿਸ ਲਿਆ ਜਾਵੇ, ਪੇ ਕਮਿਸ਼ਨ ਦੀ ਰਿਪੋਰਟ ਤੁਰੰਤ ਜਾਰੀ ਕੀਤੀ ਜਾਵੇ, ਡੀਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਮਿਲ ਚੁੱਕੇ ਡੀ ਏ ਦੀ ਕਿਸ਼ਤ ਦਾ ਏਰੀਆ ਜਾਰੀ ਕੀਤਾ ਜਾਵੇ, 01-01-2004 ਤੋ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਗਰਿੱਡ ਕਰਮਚਾਰੀਆ ਨੂੰ ਬਕਾਇਆ ਓਵਰ ਟਾਇਮ ਤੁਰੰਤ ਦਿੱਤਾ ਜਾਵੇ ਅਤੇ ਗਰਿੱਡ ਸਬ ਸਟੇਸ਼ਨ ਤੇ ਸਟਾਫ ਪੂਰਾ ਕੀਤਾ ਜਾਵੇ, ਪ੍ਰੋਵੀਜਨ ਪੀਅਰਡ ਖਤਮ ਕੀਤਾ ਜਾਵੇ, ਸਾਰੇ ਮਹਿਕਮਿਆ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ, ਨਿੱਜੀਕਰਨ ਅਤੇ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਪੰਜਾਬ 'ਚ ਵਿਕਾਸ ਦੇ ਨਾਮ ਤੇ ਪ੍ਰਤੀ ਮਹੀਨੇ ਕੱਟਣੇ ਬੰਦ ਕੀਤੇ ਜਾਣ । ਇਸ ਰੈਲੀ ਵਿੱਚ ਜਗਦੀਸ਼ ਰਾਮਪੁਰਾ, ਕਰਮਜੀਤ ਲਹਿਰਾ, ਹਰਜੱਸ ਸਿੰਘ, ਰਣਜੀਤ ਸਿੰਘ, ਜਗਦੇਵ ਸਿੰਘ, ਬਲਵਿੰਦਰ ਸਿੰਘ, ਗੁਰਨੈਬ ਸਿੰਘ, ਰੂਪ ਸਿੰਘ ਟੀ ਐਸ ਯੂ ਸੋਢੀ ਦੇ ਨਰਿੰਦਰਪਾਲ ਸਿੰਘ, ਟੀ ਐਸ ਯੂ ਭੰਗਲ ਦੇ ਜਗਜੀਤ ਸਿੰਘ ਲਹਿਰਾ, ਪਰਮਿੰਦਰ ਸਿੰਘ ਬਿੱਟੂ ਆਦਿ ਆਗੂ ਸ਼ਾਮਿਲ ਸਨ।

# ਜੰਡਿਆਲਾ ਗੁਰੂ ਵਿਖੇ ਹੋਇਆ ਪੰਜਾਬੀ ਲਘੂ ਫ਼ਿਲਮ 'ਖਾਮੋਸ਼ ਪੰਜੇਬ' ਦਾ ਪ੍ਰੀਮੀਅਰ

## ਬਾਲੀਵੁੱਡ ਅਦਾਕਾਰ ਪ੍ਰਿਤਪਾਲ ਪਾਲੀ ਹੋਏ ਦਰਸ਼ਕਾਂ ਦੇ ਰੂਬਰੂ



ਸ਼ੁਕਰਗੁਜਾਰ ਸਿੰਘ

ਜੰਡਿਆਲਾ ਗੁਰੂ, 6 ਅਗਸਤ : ਸਥਾਨਕ ਕਸਬਾ ਜੰਡਿਆਲਾ ਗੁਰੂ ਦੇ ਮੁਹੱਲਾ ਜੋਤੀਸਰ ਵਿਖੇ ਪੰਜਾਬੀ ਲਘੂ ਫ਼ਿਲਮ "ਖਾਮੋਸ਼ ਪੰਜੇਬ" ਨੂੰ ਵਿਖਾਇਆ ਗਿਆ ਅਤੇ ਫ਼ਿਲਮ ਦੇ ਪ੍ਰੀਮੀਅਰ ਮੌਕੇ ਬਾਲੀਵੁੱਡ ਦੀ ਬਲਾਕ ਬੱਸਟਰ ਫ਼ਿਲਮ "ਕੇਸਰੀ" ਸਮੇਤ ਬਾਲੀਵੁੱਡ ਤੇ ਪੌਲੀਵੁੱਡ ਦੀਆਂ ਫਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਰੰਗ ਬਿਖੇਰਨ ਵਾਲੇ ਮਸ਼ਹੂਰ ਅਦਾਕਾਰ ਪ੍ਰਿਤਪਾਲ ਪਾਲੀ ਦਰਸ਼ਕਾਂ ਦੇ ਰੂਬਰੂ ਹੋਏ ਅਤੇ ਆਪਣੀਆਂ ਭਾਵਨਾਵਾਂ ਨੂੰ ਦਰਸ਼ਕਾਂ, ਆਮ ਲੋਕਾਂ ਨਾਲ ਸਾਂਝਾ ਕੀਤਾ। ਪੰਜਾਬੀ ਲਘੂ ਫ਼ਿਲਮ "ਖਾਮੋਸ਼ ਪੰਜੇਬ" ਦੇ ਮੁੱਖ ਅਦਾਕਾਰ ਪਾਲੀ ਨੇ ਕਿਹਾ ਕਿ ਜੇਕਰ ਸਭਿਆਚਾਰ ਦੀ ਹੱਦ ਵਿੱਚ ਰਹਿਕੇ ਕੋਈ ਵੀ ਫਿਲਮ ਬਣਾਈ ਜਾਏ ਤਾਂ ਦਰਸ਼ਕ ਹਰ ਹਾਲ ਵਿੱਚ ਪਸੰਦ ਕਰਦੇ ਹਨ। ਪਾਲੀ ਨੇ ਕਿਹਾ ਪੰਜਾਬੀ ਸਭਿਆਚਾਰ ਆਪਣੇ ਕਲਾਵੇ ਵਿੱਚ ਰਿਸ਼ਤਿਆਂ, ਪਿਆਰ, ਮੁਹੱਬਤਾਂ ਦੇ ਰੰਗ ਸਮੇਤ ਬਹੁਤ ਕੁਝ ਸਮੋਈ ਬੈਠਾ ਹੈ ਤੇ ਜੇਕਰ ਕਿਸੇ ਵੀ ਵਿਸ਼ੇ 'ਤੇ ਫਿਲਮ ਬਣਾਈ ਜਾਏ ਤਾਂ ਉਹ ਆਪਣੀ ਖੁਸ਼ਬੂ ਜ਼ਰੂਰ ਬਿਖੇਰੇਗੀ ਤੇ ਸਭਿਆਚਾਰਕ ਰੰਗ ਨੂੰ ਹਰ ਪਰਿਵਾਰ ਪਸੰਦ ਕਰਦਾ ਹੈ।

ਥੀਏਟਰ ਤੋਂ ਸ਼ੁਰੂ ਹੋਕੇ ਬਾਲੀਵੁੱਡ ਤੱਕ ਆਪਣੀ ਕਲਾ ਦਾ ਲੋਹਾ ਮਨਵਾਉਣ ਵਾਲੇ ਪ੍ਰਿਤਪਾਲ ਪਾਲੀ ਨੇ ਕਿਹਾ ਹੁਣ ਉਹ ਸਮਾਂ ਹੈ ਕਿ ਪੰਜਾਬੀ ਰੰਗ ਤੋਂ ਬਿਨਾਂ ਬਾਲੀਵੁੱਡ ਫ਼ਿਲਮ ਇੰਡਸਟਰੀ ਨਹੀਂ ਚੱਲ ਸਕਦੀ ਅਤੇ ਜੇ ਨੌਜਵਾਨ ਚੰਗੇ ਉਸਤਾਦ ਕੋਲੋਂ ਆਪਣੀ ਐਕਟਿੰਗ ਦੇ ਗੁਣ ਨੂੰ ਨਿਖਾਰ ਲੈਣ ਤਾਂ ਬੌਲੀਵੁੱਡ ਤੱਕ ਪਹੁੰਚਣਾ ਬਹੁਤਾ ਔਖਾ ਨਹੀਂ। ਐਕਟਿੰਗ ਦਾ ਗੁਣ ਉਮਰ ਦੀਆਂ ਬੇੜੀਆਂ 'ਚ ਨਹੀਂ ਬੱਝਿਆ, ਐਕਟਿੰਗ/ਕਲਾਕਾਰੀ ਹਰ ਉਮਰ ਦੇ ਇੰਨਸਾਨ ਨਾਲ ਜੁੜੀ ਹੈ ਤੇ ਬਹੁਤ ਬਹੁਤ ਉਮਰ ਦਰਾਜ ਸਖਸ਼ੀਅਤਾਂ ਵੀ ਆਪਣੀ ਕਲਾਕਾਰੀ/ਐਕਟਿੰਗ ਕਰਕੇ ਬਾਲੀਵੁੱਡ ਕੀ, ਹੌਲੀਵੁੱਡ ਵਿੱਚ ਵੀ ਪ੍ਰਸਿੱਧੀ ਹਾਸਲ ਕਰ ਚੁੱਕੀਆਂ ਹਨ ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਬਿਨਾਂ ਹੁਣ ਫਿਲਮਾਂ ਨਹੀਂ ਚੱਲ ਸਕਦੀਆਂ। ਪਾਲੀ ਨੇ ਭਵਿੱਖ ਵਿੱਚ ਆਉਣ ਵਾਲੇ ਆਪਣੇ ਕਈ ਪ੍ਰੋਜੈਕਟਾਂ ਬਾਰੇ ਜਾਣਕਾਰੀ ਵੀ ਦਿੱਤੀ।

"ਖਾਮੋਸ਼ ਪੰਜੇਬ" ਬਾਰੇ ਜਾਣਕਾਰੀ ਦਿੰਦਿਆਂ ਪਾਲੀ ਜੀ ਨੇ ਕਿਹਾ ਕਿ ਇੱਕ ਸਾਧਾਰਨ ਪਰਿਵਾਰ ਤੇ ਰਿਸ਼ਤਿਆਂ ਦੀ ਸਾਂਝ ਨੂੰ ਬਿਆਨ ਕਰਦੀ ਹੈ ਪੰਜਾਬੀ ਲਘੂ ਫ਼ਿਲਮ "ਖਾਮੋਸ਼ ਪੰਜੇਬ" ਜਿਸਨੂੰ ਪੰਜਾਬੀ ਕਹਾਣੀਕਾਰ ਅੰਗਰੇਜ਼ ਸਿੰਘ (ਦੁੱਬਈ) ਨੇ ਲਿਖਿਆ ਹੈ ਤੇ ਇਹ ਫ਼ਿਲਮ ਯੂ-ਟਿਊਬ ਦੇ ਉੱਪਰ ਗੀਲਿਜ਼ ਹੋ ਚੁੱਕੀ ਹੈ ਜਿਸਨੂੰ ਕਾਫ਼ੀ ਲੋਕ ਪਸੰਦ ਕਰ ਰਹੇ ਹਨ।

ਪਾਲੀ ਨੇ ਥੀਏਟਰ/ਐਕਟਿੰਗ ਵੱਲ ਝੁਕਾਅ ਰੱਖਦੇ ਨੌਜਵਾਨ/ ਬੱਚੇ/ ਬੱਚੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਐਕਟਿੰਗ ਦੇ ਵਿੱਚ ਬਹੁਤ ਵਧੀਆ ਭਵਿੱਖ ਹੈ ਕਿਉਂਕਿ ਇੱਕ ਸ਼ੌਂਕ ਨੂੰ ਆਪਣੀ ਪ੍ਰੋਫੈਸ਼ਨਲ ਲਾਇਫ਼ ਵੀ ਬਣਾਇਆ ਜਾ ਸਕਦਾ ਹੈ ਸ਼ਰਤ ਇਹ ਕਿ ਇਹ ਸ਼ੌਂਕ ਲਗਾਤਾਰ ਮਿਹਨਤ ਮੰਗਦਾ ਹੈ। ਇਹ ਵਿਚਾਰ ਪਾਲੀ ਜੀ ਨੇ ਮਰਹੂਮ ਸਾਹਿਤਕਾਰ ਪੰਥਕ ਕਵੀ ਸ. ਤਰਲੋਕ ਸਿੰਘ ਦੀਵਾਨਾ ਜੀ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਸਾਂਝੇ ਕੀਤੇ।ਇਹ ਵੀ ਦੱਸਣਯੋਗ ਹੈ ਕਿ ਅਦਾਕਾਰੀ ਦੇ ਨਾਲ ਨਾਲ ਲਘੂ ਫ਼ਿਲਮ "ਖਾਮੋਸ਼ ਪੰਜੇਬ" ਨੂੰ ਡਾਇਰੈਕਟ ਵੀ ਪਾਲੀ ਨੇ ਕੀਤਾ ਹੈ।

# ਪਰਮਿੰਦਰ ਪਾਰਸ ਦੀ ਪਲੇਠੀ ਪੁਸਤਕ 'ਗਰਭ ਜੂਨ' ਦਾ ਹਲਕਾ ਵਿਧਾਇਕ ਲਖਵੀਰ ਸਿੰਘ ਲੱਖਾਂ ਵਲੋਂ ਲੋਕ ਅਰਪਣ



ਜੋਗਿੰਦਰ ਸਿੰਘ ਕਿਰਤੀ

ਦੋਰਾਹਾ, 6 ਅਗਸਤ : ਉੱਘੇ ਪੰਜਾਬੀ ਲੋਕ ਗਾਇਕ ਸਾਹਿਤ ਪ੍ਰੇਮੀ ਤੇ ਲੇਖਕ ਪਰਮਿੰਦਰ ਪਾਰਸ ਦੀ ਪਲੇਠੀ ਪੁਸਤਕ 'ਗਰਭ ਜੂਨ' ਦਾ ਲੋਕ ਅਰਪਣ ਵਿਧਾਇਕ ਲਖਵੀਰ ਸਿੰਘ ਲੱਖਾਂ ਵਲੋਂ ਲਾਲ ਕੋਠੀ ਦੋਰਾਹੇ ਵਿਖੇ ਕੀਤਾ ਗਿਆ, ਵਿਧਾਇਕ ਲਖਵੀਰ ਸਿੰਘ ਲੱਖਾ ਨੇ ਪਰਮਿੰਦਰ ਪਾਰਸ ਨੂੰ ਉਸਦੀ ਪਹਿਲੀ ਪਲੇਠੀ ਪੁਸਤਕ ਦੀਆ ਮੁਬਾਰਕਾਂ ਦਿੰਦੇ ਕਿਹਾ ਕਿ ਅੱਜ ਕਲ ਨੌਜਵਾਨ ਪੀੜੀ ਕਿਤਾਬਾਂ ਤੋਂ ਕੋਹਾਂ ਦੂਰ ਚਲੀ ਗਈ ਹੈ ਨੌਜਵਾਨ ਨੂੰ ਸਾਹਿਤ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਪਰਮਿੰਦਰ ਨੂੰ ਕਿਤਾਬ ਦੀਆ ਮੁਬਾਰਕਾਂ ਦਿੰਦੇ ਅੱਗੇ ਹੋਰ ਚੰਗਾ ਲਿਖਣ ਨੂੰ ਪ੍ਰੇਰਿਤ ਕੀਤਾ ਤੇ ਭੱਵਿਖ ਵਿਚ ਪੰਜਾਬੀ ਮਾਂ ਬੋਲੀ ਲਈ ਸਮਾਜ ਨੂੰ ਉਸਾਰੂ ਸੋਚ ਵਾਲੇ ਸਾਹਿਤ ਦੀ ਉਮੀਦ ਕਰਦਿਆਂ ਪਲੇਠੀ ਕਿਤਾਬ ਨੂੰ ਚੰਗਾ ਹੁੰਗਰਾ ਮਿਲਣ ਦੀ ਉਮੀਦ ਜਤਾਈ । ਉਨ੍ਹਾਂ ਨਾਲ ਇਸ ਮੌਕੇ ਮਾਰਕੀਟ ਕਮੇਟੀ ਦੋਰਾਹਾ ਦੇ ਚੇਅਰਮੈਨ ਰਾਜਵਿੰਦਰ ਸਿੰਘ ਮਾਂਗਟ, ਸੀਨੀਅਰ ਕਾਂਗਰਸੀ ਆਗੂ ਬਿੱਕਰ ਸਿੰਘ ਚਣਕੋਇਆ, ਚੇਅਰਮੈਨ ਜੱਸੀ ਦਾਊਦਮਾਜਰਾ, ਉਘੇ ਸਮਾਜ ਸੇਵਕ ਵਿਪਿਨ ਆਨੰਦ, ਅਵਤਾਰ ਸਿੰਘ ਮੁੰਡੀ, ਦਵਿੰਦਰ ਸਿੰਘ ਬਿੱਟੂ ਸਰਪੰਚ, ਗੁਰਵਿੰਦਰ ਸਿੰਘ ਮਾਂਗਟ ਉੱਘੇ ਗੀਤਕਾਰ ਸਿੰਘ ਜੀਤ ਚਣਕੋਇਆ ਤੇ ਨਵਜੀਤ ਮਾਂਗਟ ਹਾਜ਼ਿਰ ਸਨ। ਅੰਤ ਵਿਚ ਪਰਮਿੰਦਰ ਪਾਰਸ ਵੱਲੋਂ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ ਗਿਆ ।

# ਕਾਂਗਰਸ ਸਰਕਾਰ ਦੇ ਡੇਢ ਸਾਲ ਰਹਿੰਦੇ ਹੀ ਵੱਜ ਸਕਦੈ ਚੋਣਾਂ ਦਾ ਬਿਗਲ : ਲਿੱਪ ਆਗੂ



ਖੋਖਰ

ਲ਼ਹਿਰਾਗਾਗਾ, 6 ਅਗਸਤ : ਅਜੋਕੇ ਸਮੇਂ ਵਿੱਚ ਜਿਸ ਕਿਸਮ ਦੇ ਪੰਜਾਬ ਦੀ ਕੈਪਟਨ ਸਰਕਾਰ ਦੇ ਹਾਲਾਤ। ਚੱਲ ਰਹੇ ਹਨ ਉਸ ਵਿੱਚੋਂ ਇਉਂ ਝਲਕ ਮਹਿਸੂਸ ਹੁੰਦੀ ਹੈ ਕਿ ਪੰਜਾਬ ਵਿਧਾਨ ਸਭਾ ਦੀ ਚੋਣਾਂ ਮਿਆਦ ਭੁੱਗਣ ਤੋਂ ਪਹਿਲਾਂ ਵੀ ਹੋ ਸਕਦੀਆਂ ਹਨ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਇਨਸਾਫ ਪਾਰਟੀ ਹਲਕਾ ਲਹਿਰਾਗਾਗਾ ਦੇ ਸੀਨੀਅਰ ਮੀਤ ਪ੍ਰਧਾਨ ਹਰਮਨਦੀਪ ਸਿੰਘ ਔਲਖ ਨੇ ਕੀਤਾ । ਉਨ੍ਹਾਂ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦਾ ਸੱਤਾ ਵਿੱਚ ਰਹਿਣਾ ਹੁਣ ਮੁਸ਼ਕਲ ਹੈ ਕਿਉਂਕਿ ਕਾਂਗਰਸ ਪਾਰਟੀ ਨੇ 2017 ਵਿੱਚ ਸੱਤਾ ਤੇ ਕਾਬਜ਼ ਹੋਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕਰਕੇ ਵੋਟਾਂ ਵਟੋਰ ਕੇ ਸੱਤਾ ਹਾਸਲ ਕੀਤੀ ਸੀ, ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਫਲਾਪ ਹੋਈ ਹੈ ਜਿਸ ਕਰਕੇ ਪੰਜਾਬ ਦੇ ਲੋਕ ਕੈਪਟਨ ਸਰਕਾਰ ਤੋਂ ਅੱਕ ਤੇ ਥੱਕ ਚੁੱਕੇ ਹਨ ਅਤੇ ਉਹ ਤਬਦੀਲੀ ਲਿਆਉਣ ਦਾ ਮਨ ਬਣਾ ਚੁੱਕੇ ਹਨ ਇੱਥੋਂ ਤੱਕ ਕਿ ਕਾਂਗਰਸ ਪਾਰਟੀ ਦੇ ਆਪਣੇ ਵਰਕਰ ਅਤੇ ਆਗੂ ਵੀ ਆਪਣੀ ਹੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਖ਼ਫ਼ਾ ਹਨ ਜਿਸਦੀ ਤਾਜ਼ਾ ਉਦਾਹਰਨ ਕਾਂਗਰਸ ਪਾਰਟੀ ਦੇ ਕੁੱਝ ਸੀਨੀਅਰ ਨੇਤਾਵਾਂ ਵੱਲੋਂ ਰਾਜ ਸਰਕਾਰ ਦੀ ਕਾਰਗੁਜ਼ਾਰੀ ਖਿਲਾਫ਼ ਰਾਜਪਾਲ ਨਾਲ ਮੁਲਾਕਾਤ ਕਰਨ ਤੋਂ ਇਲਾਵਾ ਪਾਰਟੀ ਪ੍ਰਧਾਨ ਸ਼੍ਰੀਮਤੀ ਸੋਨੀਆਂ ਗਾਂਧੀ ਨੂੰ ਪੱਤਰ ਲਿਖਣ ਤੋਂ ਮਿਲਦੀ ਹੈ । ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ, ਅਕਾਲੀ ਅਤੇ ਭਾਜਪਾ ਆਦਿ ਪਾਰਟੀ ਤੋਂ ਝਾਕ ਛੱਡਦੇ ਹੋਏ ਲੋਕ ਇਨਸਾਫ਼ ਪਾਰਟੀ ਦੇ ਝੰਡੇ ਹੇਠ ਇਕੱਠੇ ਹੁੰਦੇ ਹੋਏ ਇਸਦੀ ਮਜ਼ਬੂਤੀ ਲਈ ਕੰਮ ਕਰਨ ਤਾਂ ਜੋ ਰਾਜ ਵਿੱਚ ਇੱਕ ਇਮਾਨਦਾਰ ਸਰਕਾਰ ਕਾਇਮ ਕੀਤੀ ਜਾ ਸਕੇ ।

# ਬਨੂੜ-ਨੰਡਿਆਲੀ ਸੜਕ ਦਾ ਕਰਾਇਆ ਕੰਮ ਸ਼ੁਰੂ

## ਦੋ ਕਰੋੜ ਤੋਂ ਵੱਧ ਰਾਸ਼ੀ ਨਾਲ 18 ਫੁੱਟ ਚੌੜੀ ਬਣੇਗੀ ਸੜਕ: ਵਿਧਾਇਕ ਕੰਬੋਜ



**ਬਨੂੜ, 6 ਅਗਸਤ (ਅਵਤਾਰ ਸਿੰਘ)** ਸ਼ਹਿਰ ਦੀ ਕਈ ਕਲੋਨੀਆਂ ਅਤੇ ਇੱਕ ਦਰਜਨ ਪਿੰਡਾਂ ਦੇ ਵਸਨੀਕਾਂ ਵੱਲੋਂ ਦਹਾਕੇ ਤੋਂ ਬਨੂੜ-ਹੁਲਕਾ-ਨੰਡਿਆਲੀ ਤਰਸਯੋਗ ਸੜਕ ਬਨਾਉਣ ਦੀ ਕੀਤੀ ਜਾ ਰਹੀ ਮੰਗ ਨੂੰ ਅੱਜ ਬੂਰ ਪੈ ਗਿਆ ਹੈ। ਹਲਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਆਪਣੇ ਕਰ ਕਮਲਾ ਨਾਲ ਇਸ ਸੜਕ ਦੇ ਕੰਮ ਨੂੰ ਸੁਰੂ ਕਰਾਉਣ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਕੁਲਵਿੰਦਰ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਖਜਾਨ ਸਿੰਘ ਹੁਲਕਾ, ਸਾਬਕਾ ਕੌਂਸਲਰ ਭਜਨ ਲਾਲ, ਸਾਬਕਾ ਕਾਰਜਕਾਰੀ ਪ੍ਰਧਾਨ ਜਸਵੰਤ ਸਿੰਘ ਖਟੜਾ, ਸੋਨੀ ਸੰਧੂ, ਅਵਤਾਰ ਬਬਲਾ, ਕਾਰਜ ਸਾਧਕ ਅਫਸਰ ਗੁਰਦੀਪ ਸਿੰਘ ਭੋਗਲ ਸਮੇਤ ਮੰਡੀਕਰਨ ਬੋਰਡ ਦੇ ਅਧਿਕਾਰੀ ਹਾਜਰ ਸਨ।

ਸਾਦੇ ਜਿਹੇ ਸਮਾਗਮ ਦੌਰਾਨ ਨੀਂਹ ਪੱਥਰ ਰੱਖਣ ਉਪਰੰਤ ਸ੍ਰੀ ਕੰਬੋਜ ਨੇ ਆਖਿਆ ਕਿ ਬਨੂੜ ਤੋਂ ਨੰਡਿਆਲੀ ਤੇ ਪਿੰਡ ਹੁਲਕਾ ਦੇ ਕਲੋਲੀ ਮੋੜ ਤਕ ਸਾਢੇ ਪੰਜ ਕਿਲੋਮੀਟਰ ਸੜਕ 18 ਫੁੱਟ ਚੌੜੀ ਬਨਾਈ ਜਾਵੇਗੀ। ਜਿਸ ਉੱਤੇ ਦੋ ਕਰੋੜ ਦਸ ਲੱਖ ਰੁਪਏ ਦੀ ਲਾਗਤ ਆਵੇਗੀ। ਉਨਾਂ ਦੱਸਿਆ ਕਿ ਇਸ ਸੜਕ ਦੇ ਬਣਨ ਨਾਲ ਸ਼ਹਿਰ ਦੇ ਵਾਰਡ ਨੰ 10 ਬਾਬਾ ਬੰਦਾ ਸਿੰਘ ਬਹਾਦਰ ਕਲੋਨੀ, ਬਾਜੀਗਰ ਬਸਤੀ, ਗੁਰੂ ਨਾਨਕ ਕਲੋਨੀ, ਉੱਤਮ ਕਲੋਨੀ ਮੀਰਾਂ ਕਲੋਨੀ ਸਮੇਤ ਪਿੰਡ ਨੰਡਿਆਲੀ, ਹੁਲਕਾ, ਕਲੋਲੀ, ਕਲੋਲੀ ਜੱਟਾਂ, ਖਾਨਪੁਰ ਖੱਦਰ, ਉੱਚਾ ਖੇੜਾ, ਗੱਜੂ ਖੇੜਾ, ਮਾਣਕਪੁਰ, ਮੀਂਡੇਮਾਜਰਾ, ਤਸੋਲੀ, ਹਦਾਇਤਪੁਰਾ, ਗੁਰਦਿੱਤਪੁਰਾ, ਭਟਿਰਸ ਤੋਂ ਇਲਾਵਾ ਸ਼ਰਾਬ ਫੈਕਟਰੀ, ਅਨਾਜ ਮੰਡੀ, ਕਈ ਸੈੱਲਰਾਂ ਆਦਿ ਜਾਣ ਵਾਲਿਆ ਨੂੰ ਸਿੱਧਾ ਫਾਇਦਾ ਪਹੁੰਚਗੇ। ਜਿਕਰਯੋਗ ਹੈ, ਕਿ ਇਸ ਸੜਕ ਵਿੱਚ ਡੂੰਘੇ ਖੱਡੇ ਪੈ ਚੁੱਕੇ ਸਨ ਤੇ ਰੋਜ਼ਾਨਾਂ ਹਾਦਸ਼ੇ ਵਾਪਰਦੇ ਸਨ। ਪਿੰਡਾਂ ਦੇ ਵਸਨੀਕ ਦੂਜੇ ਰਸਤਿਆਂ ਰਾਂਹੀ ਸ਼ਹਿਰ ਪੁੱਜਦੇ ਸਨ। ਦੁੱਖੀ ਹੋਏ ਸ਼ਹਿਰ ਵਾਸੀ ਤੇ ਪਿੰਡਾਂ ਦੇ ਵਸਨੀਕਾਂ ਵੱਲੋਂ ਕਈ ਵਾਰ ਧਰਨੇ ਮੁਜਾਹਰੇ ਵੀ ਕੀਤੇ ਜਾ ਚੁੱਕੇ ਹਨ। ਅੱਜ ਸੜਕ ਦੇ ਕੰਮ ਸੁਰੂ ਹੋਣ ਨਾਲ ਸਾਰਿਆਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ ਤੇ ਦੇਰ ਆਏ ਦਰੁਸਤ ਆਏ ਦੀ ਗੱਲ ਕੀਤੀ ਜਾ ਰਹੀ ਹੈ। ਹੋਰਨਾਂ ਇਲਾਵਾ ਇਸ ਮੌਕੇ ਕਲੋਲੀ ਦੇ ਸਰਪੰਚ ਕੁਲਵਿੰਦਰ ਸਿੰਘ, ਸਰਪੰਚ ਮਨਜੀਤ ਸਿੰਘ ਹੁਲਕਾ, ਜਗਤਾਰ ਸਿੰਘ ਬਨੂੜ, ਅਰਵਿੰਦ ਟੋਨੀ, ਬਲਵਿੰਦਰ ਸਿੰਘ, ਪ੍ਰੀਤੀ ਵਾਲੀਆ ਆਦਿ ਹਾਜਰ ਸਨ।

# ਐਸਡੀਐਮ ਫ਼ਤਹਿਗੜ੍ਹ ਸਾਹਿਬ ਡਾ. ਸੰਜੀਵ ਕੁਮਾਰ ਕੋਰੋਨਾ ਪਾਜ਼ੇਟਿਵ

## ਐਸਡੀਐਮ ਦੇ ਸੰਪਰਕ 'ਚ ਆਏ ਸੰਸਦ ਮੈਂਬਰ ਤੇ ਦੋ ਵਿਧਾਇਕ ਘਰਾਂ ਵਿੱਚ ਇਕਾਂਤਵਾਸ

**ਫ਼ਤਹਿਗੜ੍ਹ ਸਾਹਿਬ, 6 ਅਗਸਤ (ਰਵਿੰਦਰ ਸਿੰਘ ਢੀਂਡਸਾ)** ਡਿਪਟੀ ਕਮਿਸ਼ਨਰ ਕੌਰ ਗਿੱਲ ਨੇ ਦੱਸਿਆ ਕਿ ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਡਾ. ਸੰਜੀਵ ਕੁਮਾਰ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ ਤੇ ਉਨ੍ਹਾਂ ਨੂੰ ਘਰ ਵਿੱਚ ਇਕਾਂਤਵਾਸ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀਤੇ ਦਿਨ ਸੰਸਦ ਮੈਂਬਰ ਡਾ. ਅਮਰ ਸਿੰਘ, ਵਿਧਾਇਕ ਕੁਲਜੀਤ ਸਿੰਘ ਨਾਗਰਾ, ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਪੁਲੀਸ ਪ੍ਰਸ਼ਾਸਨ ਦੇ ਅਧਿਕਾਰੀ ਵੀ ਡਾ. ਸੰਜੀਵ ਦੇ ਸੰਪਰਕ ਵਿੱਚ ਆਏ ਹਨ। ਸੰਸਦ ਮੈਂਬਰ ਤੇ ਦੋਵੇਂ ਵਿਧਾਇਕ ਘਰ ਵਿੱਚ ਇਕਾਂਤਵਾਸ ਹੋ ਗਏ ਹਨ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸੈਂਪਲ ਲਏ ਗਏ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੋਰੋਨਾ ਦੀ ਟੈਸਟਿੰਗ ਵੱਡੇ ਪੱਧਰ ਉਤੇ ਜਾਰੀ ਹੈ। ਇਸ ਕੰਮ ਲਈ ਟਰੂਨੈਟ ਮਸ਼ੀਨ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਟੈਸਟ ਦਾ ਨਤੀਜਾ 01 ਤੋਂ 02 ਘੰਟੇ ਵਿੱਚ ਪ੍ਰਾਪਤ ਹੋ ਜਾਂਦਾ ਹੈ।ਇਸ ਮਸ਼ੀਨ ਦੀ ਵਰਤੋਂ ਮੁੱਖ ਤੌਰ ਉਤੇ ਗਰਭਵਤੀ ਔਰਤਾਂ ਦੀ ਕੋਰੋਨਾ ਸਬੰਧੀ ਟੈਸਟਿੰਗ ਲਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਨਾਲ ਵੱਖ ਵੱਖ ਕੇਸਾਂ ਸਬੰਧੀ



ਮੁਲਜ਼ਮਾਂ ਦੀ ਕੋਰੋਨਾ ਟੈਸਟਿੰਗ ਲਈ ਵੀ ਕੀਤੀ ਜਾ ਰਹੀ ਹੈ ਤਾਂ ਜੋ ਟੈਸਟ ਰਿਪੋਰਟ ਜਲਦੀ ਪ੍ਰਾਪਤ ਕਰ ਕੇ ਅਗਲੇਰੀ ਕਾਰਵਾਈ ਕੀਤੀ ਜਾ ਸਕੇ।ਇਸ ਦੇ ਨਾਲ ਨਾਲ ਲਗਾਤਾਰ ਸੈਂਪਲ ਲੈ ਕੇ ਆਰ.ਟੀ.ਪੀ.ਸੀ.ਆਰ. ਟੈਸਟਿੰਗ ਜਾਰੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚਲੀਆਂ ਸਿਹਤ ਸਹੂਲਤਾਂ ਵਿੱਚ ਵਾਧਾ ਕਰਦਿਆਂ ਜ਼ਿਲ੍ਹੇ ਵਿੱਚ ਤਿੰਨ ਨਵੀਆਂ ਐਂਬੂਲੈਂਸਾਂ ਵੀ ਆਈਆਂ ਹਨ, ਜਿਨ੍ਹਾਂ ਵਿੱਚ ਇਕ ਐਂਬੂਲੈਂਸ ਅਜਿਹੀ ਹੈ, ਜਿਸ ਨਾਲ ਮਰੀਜ਼ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਦੇ ਸਮੇਂ ਦੌਰਾਨ ਉਸ ਦੀ ਜਾਨ ਬਚਾਉਣ ਲਈ ਅਤਿ ਆਧੁਨਿਕ ਮਸ਼ੀਨਾਂ ਲਾਈਆਂ ਗਈਆਂ ਹਨ। ਇਨ੍ਹਾਂ ਐਂਬੂਲੈਂਸਾਂ ਨਾਲ ਕੋਰੋਨਾ ਖਿਲਾਫ ਜੰਗ ਵਿੱਚ ਵੱਡੀ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋੜਵੰਦਾਂ ਨੂੰ ਲਗਾਤਾਰ ਮਾਸਕ ਵੀ ਵੰਡੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਗਿੱਲ ਨੇ ਦੱਸਿਆ ਕਿ ਮਿਸ਼ਨ ਫ਼ਤਹਿ ਤਹਿਤ ਕੋਰੋਨਾ ਵਿਰੁੱਧ ਲੜੀ ਜਾ ਰਹੀ ਜੰਗ ਸਰਕਾਰ ਸਿਰਫ ਆਪਣੇ ਪੱਧਰ ਉਤੇ ਨਹੀਂ ਜਿੱਤ ਸਕਦੀ। ਇਸ ਲਈ ਸਭ ਦਾ ਸਹਿਯੋਗ ਲਾਜ਼ਮੀ ਹੈ। ਇਸ ਲਈ ਸਾਰੇ ਲੋਕ ਇਹ ਗੱਲ ਯਕੀਨੀ ਬਨਾਉਣ ਕਿ ਜਦੋਂ ਵੀ ਘਰੋ ਬਾਹਰ ਜਾਣ ਤਾਂ ਮੂੰਹ ਢਕ ਕੇ ਰੱਖਿਆ ਜਾਵੇ ਤੇ ਸਮਾਜਕ ਦੂਰੀ ਬਣਾ ਕੇ ਰੱਖੀ ਜਾਵੇ। ਇਹ ਸਾਵਧਾਨੀਆਂ ਸਾਡੇ ਸਾਰਿਆਂ ਦੇ ਬਚਾਅ ਲਈ ਹੀ ਹਨ। ਇਸ ਕਰ ਕੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਉਂਦਿਆਂ ਖ਼ੁਦ ਨੂੰ ਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਿਆ ਜਾਵੇ ਤਾਂ ਜੋ ਹਦਾਇਤਾਂ ਦੀ ਉਲੰਘਣਾ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਨਾ ਕਰਨੀ ਪਵੇ।

# ਜਨਵਾਦੀ ਇਸਤਰੀ ਸਭਾ ਨੇ ਪੰਜਾਬ ਸਰਕਾਰ ਦੀ ਅਰਥੀ ਫੂਕੀ



**ਗੜ੍ਹਸ਼ੰਕਰ, 6 ਅਗਸਤ (ਹਰੀਕ੍ਰਿਸ਼ਨ ਗੰਗੜ)** ਜਨਵਾਦੀ ਇਸਤਰੀ ਸਭਾ ਦੇ ਸੂਬਾਈ ਮੀਤ ਪ੍ਰਧਾਨ ਬੀਬੀ ਸੁਭਾਸ਼ ਮੱਟੂ ਤੇ ਬੀਬੀ ਸੁਰਿੰਦਰ ਕੌਰ ਚੁੰਬਰ ਬਲਾਕ ਸੰਮਤੀ ਮੈਂਬਰ ਨੇ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜਤੰਤਰ, ਪੰਜਾਬ ਸਰਕਾਰ, ਪੁਲਿਸ, ਜ਼ਹਿਰੀਲੀ ਸ਼ਰਾਬ ਵੇਚਣ ਵਾਲਿਆਂ ਦੇ ਨਾਪਾਕ ਗਠਜੋੜ ਦਾ ਪੁੱਤਲਾ ਸਾੜਿਆ ਗਿਆ। ਉਨ੍ਹਾਂ ਵੱਲੋਂ ਦੋਸ਼ੀਆਂ ਨੂੰ ਫਾਹੇ ਲਗਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਘਟਨਾ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਇਨਕੁਆਰੀ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ।ਇਸ ਮੌਕੇ ਰੇਸ਼ਮ ਕੌਰ, ਪਰਵੀਨ ਕੁਮਾਰੀ, ਸੁਮਨ ਸ਼ਰਮਾ,ਮਮਤਾ ਰਾਣੀ, ਮਹਿੰਦਰ ਕੌਰ,ਮੰਜੂ ਰਾਨੀ, ਜੋਗਿੰਦਰ ਕੌਰ ਕਮਲੇਸ਼ ਰਾਣੀ,ਦਲਜੀਤ ਕੌਰ, ਪੂਜਾ, ਸਵਰਨ, ਮਨਜੀਤ ਕੌਰ, ਵੀਨਾ, ਸੁਰਿੰਦਰ ਕੌਰ, ਰਾਜ ਰਾਣੀ, ਮਹਿੰਦਰ ਕੌਰ ਆਦਿ ਹਾਜਰ ਸੀ।

# ਏਟਕ, ਸੀਟੂ ਜਥੇਬੰਦੀਆਂ ਵੱਲੋਂ ਪੀਆਰਟੀਸੀ ਗੇਟ ਸਾਹਮਣੇ ਰੋਸ ਪ੍ਰਦਰਸ਼ਨ



**ਭਾਦਸੋਂ, 6 ਅਗਸਤ, (ਸੁਖਦੇਵ ਪੰਧੇਰ)** ਪੀ.ਆਰ.ਟੀ.ਸੀ. ਦੇ ਗੇਟ ਦੇ ਸਾਹਮਣੇ ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ ਟਰਾਂਸਪੋਰਟ ਵਰਕਰਜ਼ ਵੱਲੋਂ ਦਿੱਤੇ ਦੇਸ਼ ਵਿਆਪੀ ਵਿਰੋਧ ਦਿਵਸ ਮਨਾਉਣ ਦੇ ਸੱਦੇ ਦੇ ਸਬੰਧ ਵਿੱਚ ਏਟਕ ਅਤੇ ਸੀਟੂ ਨਾਲ ਸਬੰਧਤ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਜਥੇਬੰਦੀਆਂ ਦੇ ਸੈਂਕੜੇ ਵਰਕਰਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਟਰਾਂਸਪੋਰਟ ਸੈਕਟਰ ਅਤੇ ਵਰਕਰਾਂ ਦੇ ਵਿਰੁੱਧ ਅਮਲ ਵਿੱਚ ਲਿਆਂਦੀਆ ਜਾ ਰਹੀਆਂ ਘਾਤਕ ਨੀਤੀਆਂ ਦੇ ਖਿਲਾਫ ਜੋਰਦਾਰ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਅੱਜ ਦੇ ਇਸ ਮੁਜਾਹਰੇ ਦੀ ਅਗਵਾਈ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਰੋਡ ਟਰਾਂਸਪੋਰਟ ਵਰਕਰਜ਼ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਅਤੇ ਸੀਟੂ ਦੇ ਪੀ.ਆਰ.ਟੀ.ਸੀ. ਦੇ ਆਗੂ ਕਾਮਰੇਡ ਸੁੱਚਾ ਸਿੰਘ ਨੇ ਕੀਤੀ।

ਮੁਜਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਨਵਾਂ ਮੋਟਰ ਵਹੀਕਲ ਐਕਟ 2019 ਬਣਾਕੇ ਜਿੱਥੇ ਨਿਜੀਕਰਨ ਦਾ ਰਸਤਾ ਖੋਲ ਦਿੱਤਾ ਹੈ ਉੱਥੇ ਹੀ ਡਰਾਈਵਰਾਂ ਨੂੰ ਭਾਰੀ ਜੁਰਮਾਨੇ ਅਤੇ ਸਖਤ ਸਜਾਵਾਂ ਦੇਣ ਦੀਆਂ ਧਾਰਾਵਾਂ ਵੀ ਜੋੜ ਦਿੱਤੀਆਂ ਹਨ ਅਤੇ ਟਰਾਂਸਪੋਰਟ ਨਾਲ ਸਬੰਧਤ ਸਾਰੀਆਂ ਸ਼ਕਤੀਆਂ ਕੇਂਦਰ ਕੋਲ ਲੈ ਲਈਆਂ ਗਈਆਂ ਹਨ। ਸਰਕਾਰੀ ਟਰਾਂਸਪੋਰਟ ਨੂੰ ਆਰ.ਟੀ.ਸੀ. ਐਕਟ 1950 ਤਹਿਤ ਕੰਟਰੀਬਿਊਸ਼ਨ ਦੇਣੀ ਬੰਦ ਕਰ ਦਿੱਤੀ ਗਈ ਹੈ, ਡੀਜਲ ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤੇ ਅਥਾਹ ਵਾਧੇ ਕਾਰਨ ਸਰਕਾਰੀ ਟਰਾਂਸਪੋਰਟ ਦਾ ਚਲਣਾ ਮੁਸ਼ਕਲ ਹੋ ਗਿਆ ਹੈ, ਟਰਾਂਸਪੋਰਟ ਵਿੱਚ ਕੰਮ ਕਰਦੇ ਕੰਟਰੈਕਟ ਵਰਕਰਾਂ ਦੀ ਲੰਮੇ ਸਮੇਂ ਤੋਂ ਆਰਥਕ ਲੁੱਟ ਜਾਰੀ ਹੈ ਅਤੇ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ ਹੈ। ਲੇਬਰ ਕਾਨੂੰਨਾਂ ਵਿੱਚ ਮਜਦੂਰ ਵਿਰੋਧੀ ਸੋਧਾਂ ਕਰਕੇ ਵਰਕਰਾਂ ਦੇ ਕਾਨੂੰਨੀ ਹੱਕ ਖੋਹ ਲਏ ਗਏ ਹਨ। ਕਰੋਨਾ ਕਾਲ ਵਿੱਚ ਡਿਊਟੀਆਂ ਨਿਭਾ ਰਹੇ ਕਰਮਚਾਰੀਆਂ ਲਈ ਪੁਖਤਾ ਸਿਹਤ ਸੁਰੱਖਿਆ ਪ੍ਰਬੰਧਾਂ ਦੀ ਭਾਰੀ ਘਾਟ ਪਾਈ ਜਾ ਰਹੀ ਹੈ ਜਦ ਕਿ ਟਰਾਂਸਪੋਰਟ ਵਰਕਰਾਂ ਨੂੰ ਕਰੋਨਾ ਵਾਰੀਅਰਜ਼ ਮੰਨਿਆ ਜਾਣਾ ਚਾਹੀਦਾ ਹੈ।

ਅੰਤ ਵਿੱਚ ਸੀਟੂ ਦੇ ਆਗੂ ਸੁੱਚਾ ਸਿੰਘ ਨੇ ਵਰਕਰਾਂ ਨੂੰ ਮੋਦੀ ਸਰਕਾਰ ਦੀਆਂ ਟਰਾਂਸਪੋਰਟ ਵਿਰੋਧੀ ਅਤੇ ਦੇਸ਼ ਵਿਰੋਧੀ ਆਰਥਕ ਤੇ ਸਨਅਤੀ ਨੀਤੀਆਂ ਵਿਰੁੱਧ ਸਾਂਝੇ ਸੰਘਰਸ਼ਾਂ ਦੀ ਲੋੜ ਤੇ ਜੋਰ ਦਿੰਦਿਆ ਕਿਹਾ ਕਿ ਅੱਜ ਟਰਾਂਸਪੋਰਟ ਸੈਕਟਰ ਅਤੇ ਇਸ ਖੇਤਰ ਵਿੱਚ ਕੰਮ ਕਰਦੇ ਕਾਮਿਆਂ ਲਈ ਚੋਤਰਫੇ ਸੰਕਟ ਦਾ ਦੌਰ ਚਲ ਰਿਹਾ ਹੈ। ਜਿਸ ਨੂੰ ਪਛਾੜਨ ਲਈ ਕੇਂਦਰੀ ਟਰੇਡ ਯੂਨੀਅਨ ਸੰਗਠਨਾਂ ਦੇ ਸੱਦੇ ਤੇ ਦੇਸ਼ ਵਿਆਪੀ ਸੰਘਰਸ਼ਾਂ ਵਿੱਚ ਵੀ ਲਗਾਤਾਰ ਸਿਰਕਤ ਕਰਨ ਦੀ ਲੋੜ ਹੈ। ਇਸ ਮੌਕੇ ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ, ਏਟਕ ਦੇ ਪ੍ਰਧਾਨ ਗੁਰਵਿੰਦਰ ਸਿੰਘ ਗੋਲਡੀ ਅਤੇ ਸੀਟੂ ਦੇ ਪ੍ਰਧਾਨ ਤਰਸੇਮ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਬਿਜਲੀ ਸਪਲਾਈ 2 ਦਿਨਾਂ ਤੋਂ ਗੁੱਲ ਹੋਣ ਕਾਰਨ ਪਿੰਡ ਵਾਸੀਆਂ ਨੇ ਰਾਤ ਨੂੰ ਹੀ ਦੇ ਮਾਰਿਆ ਧਰਨਾ



**ਤਪਾ ਮੰਡੀ, 6 ਅਗਸਤ (ਯਾਦਵਿੰਦਰ ਸਿੰਘ ਤਪਾ)** ਨਿਜਦੀਕੀ ਪਿੰਡ ਦਰਾਜ ਦਰਾਕਾ ਵਿਖੇ ਘਰੇਲੂ ਬਿਜਲੀ ਗੁੱਲ ਹੋਣ ਕਾਰਨ ਭਾਕਿਯੂ ਦੀ ਅਗਵਾਈ 'ਚ ਕਿਸਾਨਾਂ ਨੇ ਰਾਤ ਸਮੇਂ ਹੀ ਪਾਵਰਕਾਮ ਤਪਾ ਦੇ ਦਫਤਰ ਅੱਗੇ ਧਰਨਾ ਦੇ ਦਿੱਤਾ। ਇਸ ਮੌਕੇ ਹਾਜਰ ਭਾਕਿਯੂ ਉਗਰਾਗਾਂ ਦੇ ਆਗੂ ਬਲਦੇਵ ਸਿੰਘ,ਅੰਮ੍ਰਿਤਪਾਲ ਸਿੰਘ, ਪ੍ਰਦੀਪ ਸਿੰਘ,ਅਮਨਦੀਪ ਸਿੰਘ, ਨਿੰਮਾ ਸਿੰਘ ਜਗਰਾਜ ਸਿੰਘ,ਰੇਸ਼ਮ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਨਿਰਵਿਘਨ ਬਿਜਲੀ ਦੇਣ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿੰਡ ਦੀ ਘਰੇਲੂ ਬਿਜਲੀ ਦੀ ਸਪਲਾਈ ਪਿਛਲੇ 2 ਦਿਨਾਂ ਤੋਂ ਬੰਦ ਹੋਣ ਕਾਰਨ ਲੋਕ ਸਤਾਏ ਹੋਏ ਹਨ ਜਿਸ ਕਾਰਨ ਉਨ੍ਹਾਂ ਨੂੰ ਰਾਤ ਸਮੇਂ ਹੀ ਧਰਨਾਂ ਦੇਣਾ ਪਿਆ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਕਰੋਨਾ ਮਹਾਮਾਰੀ ਦਾ ਡਰ, ਦੂਜਾ ਮੱਛਰ ਅਤੇ ਗਰਮੀ ਨੇ ਲੋਕਾਂ ਨੂੰ ਬੇਹਾਲ ਕੀਤਾ ਹੈ ਤੀਜਾ ਬਿਜਲੀ ਵਿਭਾਗ ਦੀਆਂ ਨਲਾਇਕੀਆਂ ਕਾਰਨ ਬਿਜਲੀ ਕਈ ਕਈ ਘੰਟੇ ਗੁੱਲ ਰਹਿੰਦੀ ਹੈ,ਜਿਸਦਾ ਖ਼ਮਿਆਜ਼ਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭੋਗਣਾ ਪੈ ਰਿਹਾ ਹੈ। ਇਸ ਮਾੜੀ ਕਾਰਗੁਜ਼ਾਰੀ ਤੋਂ ਦੁੱਖੀ ਪਿੰਡ ਵਾਸੀਆਂ ਨੇ ਕਿਸਾਨ ਯੂਨੀਅਨ ਦੇ ਸਹਿਯੋਗ ਨਾਲ ਪਾਵਰਕਾਮ ਦਫ਼ਤਰ ਦੇ ਗੇਟ ਦੇ ਬਾਹਰ ਧਰਨਾ ਲਾ ਕੇ ਅਧਿਕਾਰੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਬਿਜਲੀ ਤੁਰੰਤ ਚਾਲੂ ਨਾ ਕੀਤੀ ਗਈ ਤਾਂ ਉਹ ਸਾਰੀ ਰਾਤ ਦਫਤਰ ਦੇ ਗੇਟ ਅੱਗੇ ਧਰਨਾ ਲਾਕੇ ਰੱਖਣਗੇ ਜਿਸ ਦੀ ਜਿੰਮੇਵਾਰੀ ਪਾਵਰਕਾਮ ਦੇ ਅਧਿਕਾਰੀਆਂ ਦੀ ਹੋਵੇਗੀ। ਇੰਜ ਪਾਵਰਕਾਮ ਦੇ ਅਧਿਕਾਰੀਆਂ ਕਰਮਚਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਤੁਰੰਤ ਬਿਜਲੀ ਚਾਲੂ ਕਰ ਦਿੱਤੀ ਗਈ। ਇਸ ਮੌਕੇ ਭੋਲਾ ਸਿੰਘ, ਗੁਲਾਬ ਸਿੰਘ, ਸਤਨਾਮ ਸਿੰਘ, ਮਨਦੀਪ ਸਿੰਘ, ਲਾਭ ਸਿੰਘ,ਨਛੱਤਰ ਸਿੰਘ,ਜਸਪ੍ਰੀਤ ਸਿੰਘ,ਮੱਖਣ ਸਿੰਘ, ਜੱਗੀ ਸਿੰਘ, ਜੰਟਾ ਸਿੰਘ, ਗੁਰਮੀਤ ਸਿੰਘ, ਨੱਥੂ ਸਿੰਘ, ਗੱਗੀ ਸਿੰਘ, ਚਮਕੌਰ ਸਿੰਘ,ਪੱਪੂ ਸਿੰਘ,ਪਾਲ ਸਿੰਘ, ਸੰਦੀਪ ਸਿੰਘ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਖਮਾਣੋਂ ਵਿੱਚ ਤੀਆਂ ਦਾ ਪ੍ਰੋਗਰਾਮ ਕਰਵਾਇਆ



**ਖਮਾਣੋਂ, 6 ਅਗਸਤ (ਪਵਨਜੀਤ ਸਿੰਘ ਲਾਂਬਾ)** ਸੀਨੀਅਰ ਕਾਂਗਰਸੀ ਆਗੂ ਪੂਨਮ ਖਮਾਣੋਂ ਦੀ ਅਗਵਾਈ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਉਦਘਾਟਨ ਮੌਕੇ ਰੀਬਨ ਕੱਟਣ ਦੀ ਰਸ਼ਮ ਪਰਵੀਨ ਰਾਣਾ ਵਾਇਸ਼ ਚੇਅਰਪਰਸਨ ਜਿਲਾ ਪ੍ਰੀਸ਼ਦ ਫਤਿਹਗੜ੍ਹ ਸਾਹਿਬ ਨੇ ਨਿਭਾਈ। ਪੰਜਾਬ ਦਾ ਵਿਰਾਸਤੀ ਪ੍ਰੋਗਰਾਮ ਸਾਉਣ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਸੱਜ ਵਿਆਹੀਆਂ ਮੁਟਿਆਰਾਂ ਵੱਲੋਂ ਇਸ ਸੱਭਿਆਚਾਰਕ ਕੇਂਦਰ ਵਿੱਚ ਵੱਧ ਚੜਕੇ ਸ਼ਮੂਲੀਅਤ ਕੀਤੀ।

ਪ੍ਰੋਗਰਾਮ ਵਿੱਚ ਮੁਟਿਆਰਾਂ ਵੱਲੋਂ ਪੀਘਾਂ ਝੂਟੀਆਂ ਗਈਆਂ। ਲੋਕ ਨਾਚ, ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ। ਪਰਮਿੰਦਰ ਕੌਰ ਕੰਗ, ਪ੍ਰਕਾਸ਼ ਕੌਰ, ਦਲਜੀਤ ਕੌਰ, ਗੁਰਿੰਦਰ ਕੌਰ ਤੇ ਗੁਰਪ੍ਰੀਤ ਕੌਰ ਹਾਜ਼ਰ ਸਨ।

# ਗਊ ਸੇਵਾ ਕਮਿਸ਼ਨ ਵੱਲੋਂ 200 ਗਊ ਭਲਾਈ ਕੈਂਪਾਂ ਦੀ ਗਾਜੀਪੁਰ ਤੋਂ ਸ਼ੁਰੂਆਤ



**ਸਮਾਣਾ, 6 ਅਗਸਤ (ਸੁਭਾਸ਼ ਚੰਦਰ)** ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ੍ਰੀ ਸਚਿਨ ਸ਼ਰਮਾ ਦੀ ਅਗਵਾਈ ਹੇਠ ਕਮਿਸ਼ਨ ਵੱਲੋਂ ਰਾਜ ਭਰ 'ਚ ਲਗਾਏ ਜਾਣ ਵਾਲੇ 200 ਪਸ਼ੂਧਨ ਭਲਾਈ ਕੈਂਪਾਂ ਦੀ ਸ਼ੁਰੂਆਤ ਅੱਜ ਸਮਾਣਾ ਦੇ ਗਾਜੀਪੁਰ ਸਰਕਾਰੀ ਕੈਟਲ ਪੌਂਡ (ਗਊਸ਼ਾਲਾ) ਵਿਖੇ ਲਗਾਏ ਗਏ ਗਊਧਨ ਭਲਾਈ ਮੈਡੀਕਲ ਕੈਂਪ ਤੋਂ ਹੋਈ। ਇਸ ਦੌਰਾਨ ਪਟਿਆਲਾ ਤੋਂ ਲੋਕ ਸਭਾ ਮੈਂਬਰ ਸ੍ਰੀਮਤੀ ਪ੍ਰਨੀਤ ਕੌਰ ਨੇ ਚੇਅਰਮੈਨ ਸਚਿਨ ਸ਼ਰਮਾ ਨੂੰ ਵੀਡੀਓ ਕਾਲ ਕਰਕੇ ਕੋਰੋਨਾ ਸੰਕਟ ਦੇ ਸਮੇਂ ਵੀ ਬੇਸਹਾਰਾ ਗਊਧਨ ਦੀ ਸੁਚੱਜੀ ਸੇਵਾ-ਸੰਭਾਲ ਲਈ ਕਮਿਸ਼ਨ ਵੱਲੋਂ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਪਟਿਆਲਾ ਡਵੀਜਨ ਦੇ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਲਗਾਏ ਇਸ ਮੈਡੀਕਲ ਕੈਂਪ ਦੀ ਸ਼ੁਰੂਆਤ ਕਰਵਾਈ। ਸ੍ਰੀ ਗੈਂਦ ਨੇ ਕਿਹਾ ਕਿ ਗਊਧਨ ਦੀ ਸੰਭਾਲ ਲਈ ਗ਼ੈਰ ਸਰਕਾਰੀ ਸੰਸਥਾਵਾਂ ਸਮੇਤ ਆਮ ਲੋਕਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਸੜਕਾਂ 'ਤੇ ਫਿਰਦੇ ਬੇਸਹਾਰਾ ਗਊਧਨ ਨੂੰ ਰਾਜ ਦੀਆਂ ਸਰਕਾਰੀ ਗਊਸ਼ਾਲਾਵਾਂ ਵਿਖੇ ਲਿਜਾ ਕੇ ਉਨ੍ਹਾਂ ਦੀ ਸਹੀ ਢੰਗ ਨਾਲ ਸਾਂਭ ਸੰਭਾਲ ਕੀਤੀ ਜਾ ਸਕੇ। ਚੇਅਰਮੈਨ ਸ੍ਰੀ ਸ਼ਰਮਾ ਨੇ ਦੱਸਿਆ ਕਿ ਗਊ ਸੇਵਾ ਕਮਿਸ਼ਨ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਅਧੀਨ ਆਉਂਦੀਆਂ ਰਾਜ ਦੀਆਂ ਗਊਸ਼ਾਲਾਵਾਂ ਵਿਖੇ ਅਜਿਹੇ 200 ਕੈਂਪ ਲਗਾਏ ਜਾਣਗੇ ਤਾਂ ਕਿ ਲੋਕਾਂ ਨੂੰ ਵੀ ਗਊ ਧਨ ਦੀ ਬਿਹਤਰ ਸੰਭਾਲ ਲਈ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਗਊਧਨ ਤੋਂ ਪੈਦਾ ਹੁੰਦੇ ਦੁੱਧ, ਗੋਹੇ ਆਦਿ ਦੀ ਸਦਵਰ ਤੋਂ ਕਰਕੇ 426 ਗਊਸ਼ਾਲਾਵਾਂ ਨੂੰ ਆਤਮ ਨਿਰਭਰ ਬਣਾਉਣ ਲਈ ਕਦਮ ਪੁੱਟੇ ਜਾ ਰਹੇ ਹਨ। ਇਸ ਤੋਂ ਬਿਨ੍ਹਾਂ ਹਰ ਗਊਧਨ ਦੀ ਟੈਗਿੰਗ ਲਈ ਵੀ ਪ੍ਰਕ੍ਰਿਆ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਰਵੀ ਗਾਬਾ ਦੀ ਅਗਵਾਈ ਹੇਠ ਪਸ਼ੂਆਂ ਦੇ ਡਾਕਟਰਾਂ ਦੀ ਟੀਮ ਨੇ 700 ਦੇ ਕਰੀਬ ਗਊਧਨ ਨੂੰ ਪੇਟ ਦੇ ਕੀੜਿਆਂ ਦੀ ਦਵਾਈ ਖੁਵਾਉਣ ਸਮੇਤ ਐਂਟੀਬਾਇਟਿਕ, ਨਿਊਟ੍ਰੀਸ਼ਨ ਆਦਿ ਦਿੱਤਾ ਤੇ ਜ਼ਖਮੀ ਪਸ਼ੂਆਂ ਦੀ ਮਲ੍ਹਮ ਪੱਟੀ ਕੀਤੀ ਗਈ ਨਾਲ ਹੀ ਬਰਸਾਤ ਦੇ ਮੌਸਮ ਨੂੰ ਦੇਖਦਿਆਂ ਗਲ ਘੋਟੂ ਤੇ ਮੂੰਹ ਖੁਰ ਦੀ ਵੈਕਸੀਨ ਵੀ ਲਗਾਈ ਗਈ। ਸਾਰੀ ਗਊਸ਼ਾਲਾ ਨੂੰ ਰੋਗਾਣੂ ਮੁਕਤ ਕਰਨ ਲਈ ਦਵਾਈ ਦਾ ਛਿੜਕਾਅ ਕਰਵਾਇਆ ਗਿਆ।

ਇਸ ਮੌਕੇ ਐਸ.ਡੀ.ਐਮ. ਸਮਾਣਾ ਨਮਨ ਮੜਕਨ, ਤਹਿਸੀਲਦਾਰ ਸੰਦੀਪ ਸਿੰਘ, ਐਸ.ਵੀ.ਓ. ਡਾ. ਦੀਪਇੰਦਰ ਸਿੰਘ, ਡਾ:ਜਗਪ੍ਰੀਤ ਸਿੰਘ, ਸਮਾਜ ਸੇਵੀ ਰਾਜ ਸਿੰਗਲਾ ਸਮੇਤ ਤੇ ਹੋਰ ਪਤਵੰਤੇ ਹਾਜ਼ਰ ਸਨ।

# ਕੈਪਟਨ ਸਰਕਾਰ ਦੇ ਹੁੰਦਿਆਂ ਕੋਈ ਵੀ ਭੁੱਖਾ ਨਹੀਂ ਸੌਏਗਾ: ਸਵਰਨਜੀਤ ਕੌਰ



**ਖਰੜ, 6 ਅਗਸਤ (ਅਮਨਪ੍ਰੀਤ ਖਾਨਪੁਰੀ)** ਕੋਰੋਨਾ ਮਹਾਂਮਾਰੀ ਦੌਰਾਨ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਦਿਆਂ ਬੀਬੀ ਸਵਰਨਜੀਤ ਕੌਰ ਪ੍ਰਧਾਨ ਜ਼ਿਲ੍ਹਾ ਮਹਿਲਾ ਕਾਂਗਰਸ ਨੇ ਕਿਹਾ ਕਿ ਕੈਪਟਨ ਸਰਕਾਰ ਦੇ ਹੁੰਦਿਆਂ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਵੇਗਾ। ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਉਹ ਲਗਾਤਾਰ ਗਰੀਬਾਂ, ਨੀਲਾ ਕਾਰਡ ਧਾਰਕਾਂ ਅਤੇ ਜ਼ਰੂਰਤਮੰਦ ਔਰਤਾਂ ਨੂੰ ਆਪਣੀ ਨਿਗਰਾਨੀ ਅਧੀਨ ਰਾਸ਼ਨ ਮੁਹੱਈਆ ਕਰਵਾਉਣਗੇ। ਉਨ੍ਹਾਂ ਕਿਹਾ ਕਿ ਲਾਕਡਾਊਨ 'ਚ ਕਈ ਪਰਿਵਾਰਾਂ ਦੀਆਂ ਨੌਕਰੀਆਂ ਠੁੱਸ ਗਈਆਂ ਹਨ ਅਤੇ ਭੋਜਨ ਦੇ ਲਾਲੇ ਪੈ ਗਏ ਹਨ ਅਜਿਹੇ ਵਿੱਚ ਇਨ੍ਹਾਂ ਲੋਕਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਲੋੜਵੰਦ ਪਰਿਵਾਰ ਹੈ ਤਾਂ ਉਹ ਝਿਜਕ ਮਹਿਸੂਸ ਨਾ ਕਰਦੇ ਹੋਏ ਅੱਗੇ ਆਵੇ, ਪਾਰਟੀ ਵਲੋਂ ਪਹਿਲ ਦੇ ਆਧਾਰ 'ਤੇ ਉਸ ਦੀ ਮੱਦਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਖਰੜ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਜਿਵੇਂ ਕਿ ਨਵਾਂ ਸ਼ਹਿਰ ਬਡਾਲਾ, ਮੁੰਡੀ ਖਰੜ, ਗੁਰੂ ਨਾਨਕ ਕਾਲੌਨੀ, ਔਜਲਾ ਕਾਲੌਨੀ, ਮਾਤਾ ਗੁਜਰੀ ਇਨਕਲੇਵ, ਗੁਰਦੁਆਰਾ ਅਕਾਲੀ ਦਫ਼ਤਰ ਰੋਡ, ਰਣਜੀਤ ਨਗਰ, ਸਬਜ਼ੀ ਮੰਡੀ, ਕਾਲਝਾ ਰੋਡ, ਉੱਚੀ ਗਲੀ ਆਦਿ ਥਾਵਾਂ 'ਤੇ ਸੂਬਾ ਸਰਕਾਰ ਵਲੋਂ ਭੇਜਿਆ ਰਾਸ਼ਨ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਠੇਕੇਦਾਰ ਰਣਜੀਤ ਸਿੰਘ, ਰਜਨੀ ਮਸੀਹ, ਸੁਰਜੀਤ ਕੌਰ, ਅਵਤਾਰ ਕੌਰ, ਮਨਜੀਤ ਕੌਰ, ਸੁਸ਼ਮਾ ਰਾਣੀ, ਬਲਵਿੰਦਰ ਕੌਰ, ਮਨਦੀਪ ਕੌਰ, ਰੁਪਿੰਦਰ ਕੌਰ, ਕੁਲਜੀਤ ਕੌਰ, ਕਰਮਜੀਤ ਕੌਰ, ਮਨਜੀਤ ਕੌਰ ਆਦਿ ਮੌਜੂਦ ਸਨ।

# ਸਿਹਤ ਮੁਲਾਜ਼ਮ ਸੰਘਰਸ਼ ਕਮੇਟੀ ਨੇ ਹਸਪਤਾਲ 'ਚ ਸਰਕਾਰ ਦਾ ਕੀਤਾ ਪਿੱਟ ਸਿਆਪਾ



**ਧਨੌਲਾ ਮੰਡੀ, 6 ਅਗਸ਼ਤ (ਸੰਜੀਵ ਗਰਗ ਕਾਲੀ)** ਸਿਹਤ ਮੁਲਾਜ਼ਮ ਸੰਘਰਸ਼ ਕਮੇਟੀ ਪੰਜਾਬ, ਬਲਾਕ ਇਕਾਈ ਪ੍ਰਧਾਨ ਧਨੌਲਾ ਅੰਮ੍ਰਿਤਪਾਲ ਕੌਰ, ਚਰਨਜੀਤ ਕੌਰ (ਐਚਪੀਐਚਡਬਲਯੂ) ਦੀ ਅਗਵਾਈ 'ਚ ਸਰਕਾਰੀ ਹਸਪਤਾਲ ਧਨੌਲਾ ਵਿਖੇ ਕੈਪਟਨ ਸਰਕਾਰ ਦਾ ਪਿੱਟ ਸਿਆਪਾ ਕਰਦਿਆ ਜੰਮਕੇ ਨਾਅਰੇਬਾਜੀ ਕੀਤੀ ਗਈ। ਅੰਮ੍ਰਿਤਪਾਲ ਕੌਰ, ਚਰਨਜੀਤ ਕੌਰ ਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਲੋਕ ਮਾਰੂ ਨੀਤੀਆਂ ਅਪਨਾ ਰਹੀ ਹੈ ਜਿਸ ਦੌਰਾਨ ਦੇਸ਼ ਵਿਦੇਸ਼ਾਂ 'ਚ ਫੈਲੀ ਕੋਰੋਨਾ ਨਾਮ ਦੀ ਮਹਾਂਮਾਰੀ ਇੰਨ੍ਹਾ ਹੀ ਕਰਮਚਾਰੀਆਂ ਨੇ ਦਿਨ ਰਾਤ ਇੱਕ ਕਰਕੇ ਵੱਡੇ ਵੱਡੇ ਖਤਰਿਆਂ ਨਾਲ ਖੇਡ ਰਹੇ ਹਨ। ਉੱਨ੍ਹਾਂ ਕਿਹਾ ਕਿ ਸਰਕਾਰ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਦੀ ਵਜਾਏ ਸਿਹਤ ਕਾਮਿਆਂ ਦਾ ਮਾਨਸਿਕ ਸਰੀਰਕ ਤੇ ਆਰਥਿਕ ਸ਼ੋਸ਼ਣ ਕਰ ਰਹੀ ਹੈ ਜੋ ਅਸੀ ਕਦੇ ਵੀ ਨਹੀ ਹੋਣ ਦੇਵਾਗੇ। ਕੋਵਿਡ 19 ਦੌਰਾਨ ਫਰੰਟਲਾਈਨ ਦੇ ਕੰਮ ਕਰਦੇ ਸਿਹਤ ਕਾਮਿਆਂ ਨੂੰ ਆਰਥਿਕ ਲਾਭ ਦਿੱਤਾ ਜਾਵੇ। ਅਖੀਰ ਉਨ੍ਹਾ ਕੈਪਟਨ ਸਰਕਾਰ ਨੂੰ ਚੇਤਵਨੀ ਦਿੰਦਿਆ ਕਿਹਾ 7 ਤਰੀਕ ਨੂੰ ਮੋਤੀ ਮਹਿਲ ਪਟਿਆਲਾ ਵਿਖੇ ਜੰਗੀ ਪੱਧਰ ਤੇ ਧਰਨਾਂ ਲਾਇਆ ਜਾਵੇਗਾ। ਇਸ ਮੌਕੇ ਹਰਪ੍ਰੀਤ ਕੌਰ, ਲਖਵਿੰਦਰ ਕੌਰ, ਸਿੰਦਰਪਾਲ ਕੌਰ, ਯਾਦਵਿੰਰਸਿੰਘ ,ਮਨਦੀਪ ਕੌਰ, ਕਰਮਜੀਤ ਸਿੰਘ, ਸੁਰਿੰਦਰ ਸਿੰਘ , ਗੁਰਮੀਤ ਸਿੰਘ, ਲਖਵਿੰਦਰ ਸਿੰਘ ਲਾਡੀ, ਨਿਰਭੈ ਸਿੰਘ, ਮਨਦੀਪ ਕੌਰ, ਰਜਿਤ ਕੁਮਾਰ ਹਾਜਰ ਸਨ।

# ਆੜ੍ਹਤੀਆਂ ਵੱਲੋਂ ਕੇਂਦਰ ਸਰਕਾਰ ਦਾ ਆਰਡੀਨੈਂਸ ਰੱਦ ਕਰਨ ਦੀ ਮੰਗ



**ਘਨੌਲੀ, 6 ਅਗਸਤ (ਜਗਮੋਹਨ ਸਿੰਘ)** ਆੜ੍ਹਤੀ ਐਸ਼ੋਸ਼ੀਏਸ਼ਨ ਘਨੌਲੀ ਦੇ ਮੈਂਬਰਾਂ ਦੀ ਜ਼ਰੂਰੀ ਮੀਟਿੰਗ ਅਨਾਜ ਮੰਡੀ ਘਨੌਲੀ ਵਿਖੇ ਹੋਈ। ਪ੍ਰਧਾਨ ਨਰਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਆੜ੍ਹਤੀਆਂ ਤੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਆੜ੍ਹਤੀ ਐਸ਼ੋਸ਼ੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਜਿਹੜਾ ਆਰਡੀਨੈਂਸ ਕੇਂਦਰ ਸਰਕਾਰ ਵੱਲੋਂ ਪਾਸ ਕੀਤਾ ਗਿਆ ਹੈ, ਉਹ ਕਿਸਾਨ ਵਿਰੋਧੀ ਹੈ ਅਤੇ ਇਹ ਆਰਡੀਨੈਂਸ ਕਿਸਾਨਾਂ ਤੇ ਆੜ੍ਹਤੀਆਂ ਦੋਵਾਂ ਲਈ ਮਾਰੂ ਸਾਬਤ ਹੋਵੇਗਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਪਾਸਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ ਤਾਂ ਕਿ ਕਿਸਾਨਾਂ ਤੇ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਸਮੱਸਿਆ ਪੇਸ ਨਾ ਆਵੇ ਅਤੇ ਪਿਛਲੇ ਸੀਜ਼ਨ ਦੇ ਕਮਿਸ਼ਨ ਅਤੇ ਬਣਦੀ ਲੇਬਰ ਦੀ ਅਦਾਇਗੀ ਤੁਰੰਤ ਆੜ੍ਹਤੀਆਂ ਨੂੰ ਅਦਾ ਕੀਤੀ ਜਾਵੇ।ਇਸ ਮੌਕੇ ਤੇ ਅਜੈਬ ਸਿੰਘ , ਬਲਦੇਵ ਸਿੰਘ, ਜਗਪਾਲ ਸਿੰਘ, ਦਿਦਾਰ ਸਿੰਘ, ਹਰਵਿੰਦਰ ਸਿੰਘ, ਜਸਵਿੰਦਰ ਸਿੰਘ ਆਦਿ ਆੜ੍ਹਤੀਆਂ ਤੋਂ ਇਲਾਵਾ ਦੀ ਅਹਿਮਦਪੁਰ ਜ਼ਦੀਦ ਬਹੁਮੰਤਵੀ ਸਹਿਕਾਰੀ ਸਭਾ ਦੇ ਨੁੰਮਾਇਦੇ ਮੱਖਣ ਸਿੰਘ ਵੀ ਹਾਜ਼ਰ ਸਨ।

# ਸ਼ਰਾਬ ਮਾਫੀਏ ਖ਼ਿਲਾਫ਼ ਦੁਬਈ ਵਰਗੇ ਕਰੜੇ ਕਨੂੰਨ ਲਾਗੂ ਕੀਤੇ ਜਾਣ: ਰਣਜੀਤ ਸਿੰਘ ਬ੍ਰਹਮਪੁਰਾ



**ਤਰਨ ਤਾਰਨ, 6 ਅਗਸਤ (ਜਸਮੇਲ ਸਿੰਘ ਚੀਦਾ)**- ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕੈਪਟਨ ਸਰਕਾਰ ਤੇ ਜ਼ੋਰ ਦਿਤਾ ਕਿ ਸ਼ਰਾਬ ਮਾਫੀਏ ਖਿਲਾਫ ਦੁਬਈ ਤਰਜ਼ ਦੇ ਸਖਤ ਕਾਨੂੰਨ ਬਣਾਏ ਜਾਣ ਤਾਂ ਜੋ ਮੁੜ ਅਜਿਹਾ ਕਾਂਡ ਨਾ ਵਾਪਰ ਸਕੇ। ਰਣਜੀਤ ਸਿੰਘ ਬ੍ਰਹਮਪੁਰਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ 100 ਤੋਂ ਵੱਧ ਲੋਕ ਮਾਰੇ ਗਏ ਹਨ ਪਰ ਅਜੇ ਤੱਕ ਸ਼ਰਾਬ ਮਾਫੀਏ ਗਿਰੋਹ ਦਾ ਵੱਡਾ ਸਰਗਨਾ ਦਬੋਚਿਆ ਨਹੀਂ ਗਿਆ। ਉਨ੍ਹਾਂ ਅਤੀਤ ਹਵਾਲੇ ਨਾਲ ਕਿਹਾ ਕਿ 10-12 ਦਿਨਾਂ ਬਾਅਦ ਕੇਸ ਲਮਕਾ ਦਿਤਾ ਜਾਂਦਾ ਹੈ ਅਤੇ ਗੰਭੀਰ ਮਸਲੇ ਠੰਡੇ ਬਸਤੇ 'ਚ ਪਾ ਦਿਤੇ ਜਾਂਦੇ ਹਨ ਤੇ ਦੋਸ਼ੀ ਅਪਰਾਧ ਕਰਕੇ ਮੁੜ ਆਮ ਲੋਕਾਂ ਵਾਂਗ ਤੁਰੇ ਫਿਰਦੇ ਹਨ ਹਨ ਪਰ ਸਾਡੀ ਪਾਰਟੀ ਮੁਜ਼ਰਮਾਂ ਨੂੰ ਮਸਾਲੀ ਸਜਾਵਾਂ ਦਵਾਉਣ ਤੇ ਸਲਾਖਾਂ ਪਿੱਛੇ ਭੇਜਣ ਲਈ ਹਰ ਹੀਲਾ ਵਰਤੇਗੀ। ਸ਼ਰਾਬ ਮਾਫੀਆ ਖਿਲਾਫ 302 ਦਾ ਪਰਚਾ ਦਰਜ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਮਾਨਯੋਗ ਹਾਈ-ਕੋਰਟ ਦੇ ਜਸਟਿਸ ਤੋਂ ਉੱਚ ਪੱਧਰੀ ਪੜਤਾਲ ਕਰਵਾਈ ਜਾਵੇ। ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੋਸ਼ ਲਾਇਆ ਕਿ ਸਿਆਸਤਦਾਨ-ਪੁਲਿਸ-ਸ਼ਰਾਬ ਮਾਫੀਏ ਦਾ ਨਾਪਾਕ ਗਠਜੋੜ ਦੈਂਤ ਦੇ ਰੂਪ ਵਿਚ ਵਿਚਰ ਰਿਹਾ ਹੈ ਜਿਸ ਨੇ ਕੀਮਤੀ ਜਾਨਾਂ ਨਿਗਲ ਲਈਆਂ। ਪੁਲਿਸ ਤੇ ਹੋਰ ਅਧਿਕਾਰੀ ਮੁਅਤਲ ਕਰਨੇ ਆਮ ਕਾਰਵਾਈ ਹੈ। ਇਹ ਅਫਸਰ ਕੁਝ ਸਮੇਂ ਬਾਅਦ ਬਹਾਲ ਹੋ ਜਾਣਗੇ ਪਰ ਪੀੜਤ ਪਰਿਵਾਰਾਂ ਦੇ ਜੀਅ ਕਦੇ ਵਾਪਸ ਨਹੀਂ ਆਉਣਗੇ, ਅਜਿਹੇ ਸੰਗੀਨ ਅਪਰਾਧਾਂ ਨੂੰ ਨੱਥ ਪਾਉਣ ਲਈ ਦੋਸ਼ੀ ਅਧਿਕਾਰੀ ਬਰਖਾਸਤ ਕਰਕੇ, ਸ਼ਰਾਬ ਦੇ ਅਸਲ ਸਮਗਲਰ ਅਤੇ ਸਿਆਸਤਦਾਨ ਬੇਨਕਾਬ ਕੀਤੇ ਜਾਣ ਜੋ ਘਟੀਆ ਨਸ਼ਾ ਵੇਚਣ ਲਈ ਸਿਰੇ ਦੇ ਗੁਨਾਹ ਲਈ ਜ਼ੁੰਮੇਵਾਰ ਹਨ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ, 5 5 ਲੱਖ ਮੁਆਵਜ਼ਾ ਦੇਵੇ। ਇਸ ਕਾਂਡ ਲਈ ਕਾਂਗਰਸ ਦੇ ਮੰਤਰੀ ਅਤੇ ਵਿਧਾਇਕ ਤੇ ਹੋਰ ਆਗੂ ਸੂਬੇ ਵਿਚ ਨਜਾਇਜ਼ ਸ਼ਰਾਬ ਦੇ ਧੰਦੇ ਲਈ ਦਿੱਤੀ ਗਈ ਖੁੱਲ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾ ਚੇਤਾਵਨੀ ਦਿੱਤੀ ਕਿ ਮੁੱਖ ਮੰਤਰੀ ਦੀ ਸਰਪ੍ਰਸਤੀ ਹਾਸਲ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਨੂੰ ਨਜਾਇਜ਼ ਸ਼ਰਾਬ ਵੇਚਣ ਤੋਂ ਤੁਰੰਤ ਰੋਕਿਆ ਨਾ ਗਿਆ ਤਾਂ ਫਿਰ ਅਜਿਹੇ ਹੋਰ ਹਾਦਸੇ ਕਿਸੇ ਵੀ ਸਮੇਂ ਵਾਪਰ ਸਕਦੇ ਹਨ। ਇਹ ਸ਼ਰਾਬ ਘਰ ਦੀ ਕੱਢੀ ਨਹੀਂ ਬਲਕਿ ਸਮਗਲਰਾਂ ਵੱਲੋਂ ਸਪਲਾਈ ਕੀਤੀ ਜ਼ਹਿਰਰੂਪੀ ਨਜਾਇਜ ਲਾਹਣ ਸੀ। ਇਸ ਪਿੱਛੇ ਇਕ ਬਹੁਤ ਵੱਡਾ ਸੰਗਠਿਤ ਸ਼ਰਾਬ ਮਾਫੀਆ ਹੈ ਜੋ ਜ਼ਹਿਰ ਵੰਡਣ ਦਾ ਕੰਮ ਕਰ ਰਿਹਾ। ਇਸ ਮੌਕੇ ਦਲਜੀਤ ਸਿੰਘ ਗਿੱਲ ਜਿਲਾ ਪ੍ਰਧਾਨ ਆਦਿ ਮੌਜੂਦ ਸਨ।

# ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਨੇ ਮੁੱਖ ਮੰਤਰੀ ਤੇ ਖਜ਼ਾਨਾ ਮੰਤਰੀ ਦਾ ਪੁਤਲਾ ਫੂਕਿਆ



**ਮੋਹਾਲੀ, 6 ਅਗਸਤ (ਹਰਬੰਸ ਬਾਗੜੀ)** ਪੰਜਾਬ ਸਰਕਾਰ ਵੱਲੋਂ ਲਏ ਗਏ ਮੁਲਾਜਮ ਵਿਰੋਧੀ ਫੈਸਲਿਆਂ ਦੇ ਚੱਲਦਿਆਂ ਪੀਐਸਐਮਐਸਯੂ ਅਤੇ ਸਾਂਝਾ ਮੁਲਾਜਮ ਮੰਚ ਪੰਜਾਬ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਾਂਝਾ ਮੁਲਾਜਮ ਮੰਚ ਦੇ ਕਨਵੀਨਰ ਪਰਵਿੰਦਰ ਸਿੰਘ ਖੰਗੂੜਾ ਦੀ ਅਗਵਾਈ ਵਿਚ ਸਰਕਾਰ ਖਿਲਾਫ ਰੋਸ ਪ੍ਰਗਟਾਉਂਦਿਆਂ ਸਿੱਖਿਆ ਬੋਰਡ ਨੇੜਲੀਆਂ ਟਰੈਫਿਕ ਲਾਈਟ ਤੇ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਪੁਤਲਾ ਫੂਕ ਕੇ ਰੋਸ ਮੁਜਾਹਰਾ ਕੀਤਾ ਗਿਆ। ਇਸ ਮੌਕੇ ਮੁਲਾਜਮਾਂ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸੱਜਣ ਸਿੰਘ ਅਤੇ ਅਮਰ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜਮਾਂ ਨੂੰ ਨਵੀਆਂ ਸਹੂਲਤਾਂ ਤਾਂ ਕੀ ਦੇਣੀਆਂ ਸਨ ਬਲਕਿ ਸਾਡੇ ਵੱਲੋਂ ਪਿਛਲੇ ਸਮਿਆਂ ਵਿਚ ਮੁਲਾਜਮ ਸੰਘਰਸ਼ਾਂ ਰਾਹੀਂ ਲਈਆਂ ਗਈ ਸਹੂਲਤਾਂ ਨੂੰ ਵੀ ਖੋਹੀਆਂ ਜਾ ਰਹੀਆਂ ਹਨ। ਜਿਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਉਣ ਵਾਲੇ ਸਮੇਂ ਵਿਚ ਤਿੱਖਾ ਸੰਘਰਸ਼ ਵਿੱਢੇ ਜਾਣਗੇ ਅਤੇ ਪੰਜਾਬ ਸਰਕਾਰ ਦੀਆਂ ਨਕਾਮੀਆਂ ਨੂੰ ਆਮ ਜਨਤਾ ਤੱਕ ਪਹੁੰਚਾਇਆ ਜਾਵੇਗਾ। ਇਸ ਤੋਂ ਇਲਾਵਾ ਜਗਜੀਤ ਸਿੰਘ ਖਾਲਸਾ, ਅਮਿਤ ਕਟੌਚ, ਜਸਵੀਰ ਸਿੰਘ, ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਚੋਣਾਂ ਦੌਰਾਨ ਮੁਲਾਜਮ ਨਾਲ ਵਾਅਦੇ ਕੀਤੇ ਸਨ ਕਿ ਸੱਤਾ ਵਿਚ ਆਉਣ ਉਪਰੰਤ ਮੁਲਾਜਮਾਂ ਨੂੰ ਪੈਅ ਕਮਿਸ਼ਨ ਦਿੱਤਾ ਜਾਵੇਗਾ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ, ਘਰ ਘਰ ਨੌਕਰੀ ਦਿੱਤੀ ਜਾਵੇਗੀ ਤੇ ਕੰਟਰੈਕਟ ਅਤੇ ਕੱਚੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇਗਾ। ਪਰ ਇਸ ਦੇ ਉਲਟ ਸਰਕਾਰ ਵੱਲੋਂ ਸਾਢੇ ਤਿੰਨ ਸਾਲ ਪੂਰੇ ਹੋਣ ਤੇ ਵੀ ਕੀਤੇ ਵਾਅਦਿਆਂ ਵਿਚੋਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਸਗੋਂ ਪੰਜਾਬ ਸਕੂਲ ਸਿੱਖਿਆ ਬੋਰਡ, ਖੇਤੀਬਾੜੀ ਅਤੇ ਜਲ ਸਰੋਤ ਵਿਭਾਗ ਵਿਚੋਂ ਸੈਂਕੜੇ ਅਸਾਮੀਆਂ ਖਤਮ ਕਰ ਦਿੱਤੀਆਂਇਸ ਮੌਕੇ ਪੰਚਾਇਤ ਵਿਭਾਗ, ਜਲ ਸਰੋਤ ਵਿਭਾਗ, ਸਿੱਖਿਆ ਵਿਭਾਗ,ਡੀਸੀ ਦਫਤਰ ਅਤੇ ਪਰਮਜੀਤ ਸਿੰਘ ਬੈਨੀਪਾਲ, ਹਰਮਨਦੀਪ ਸਿੰਘ ਬੋਪਰਾਏ, ਕੰਵਲਜੀਤ ਗਿੱਲ, ਰਮਨਦੀਪ ਗਿੱਲ, ਸਤਨਾਮ ਸੱਤਾ, ਗੁਰਚਰਨ ਸਿੰਘ ਬਲਵਿੰਦਰ ਸਿੰਘ ਚਨਾਰਥਲ, ਬਲਵੰਤ ਸਿੰਘ ਰਵਿੰਦਰ ਕੌਰ ਗਿੱਲ ਆਦਿ ਹਾਜਰ ਸਨ।

Editor : Ripudaman Rippy
(under PRB Act 1867)
Printer and Publisher : Ranjit Singh
for M/s Desh Sewak Association, Printed from Desh Sewak Printers Ltd., Baba Sohan Singh Bhakna Bhawan, Sec 29 D, Chandigarh, Published from Baba Sohan Singh Bhakna Bhawan, Sec 29-D Chandigarh. RNI Regn. No.62951/95

